ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 5 ਜੂਨ 2026 (ਨਾਨਕਸ਼ਾਹੀ ਸੰਮਤ : ੫੫੮, ੨੨ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

# ਨਹੀਂਓਂ ਭੁੱਲਣਾ ਜੂਨ 84

## 5 ਜੂਨ ਦਾ ਅਭਾਗਾ ਘਟਨਾਕ੍ਰਮ







5 ਜੂਨ 1984 ਦਾ ਦਿਨ ਆਇਆ, ਸਿੱਖ ਇਤਹਾਸ ਦਾ ਇਹ ਨਾਭਾਗਾ ਦਿਨ ਸੀ ਅੱਜ ਫਿਰ ਅਹਮਦ ਸਾਹ ਅਬਦਾਲੀ ਦੀ ਭੈਣ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਓਪਰ ਹਮਲਾ ਕਰਨ ਵਾਸਤੇ ਹਜਾਰਾਂ ਦੀ ਗਿਣਤੀ ਵਿੱਚ ਭਾਰਤੀ ਫੌਜ ਨੂੰ ਭੇਜਿਆ ਹੋਇਆ ਹੈ, ਦਿਨ ਦੇ ਚੜਨ ਸਾਰ ਹੀ ਭਾਰਤੀ ਫੌਜ ਨੇ ਦਰਬਾਰ ਸਾਹਿਬ ਕਾਂਪਲੈਕਸ ਓਤੇ ਗੋਲਾ ਬਾਰੀ ਹੋਰ ਤੇਜ ਕਰ ਦਿੱਤੀ ਜੀਹਦੇ ਨਾਲ ਸੈਂਕੜਿਆਂ ਦੀ ਗਿਣਤੀ ਵਿੱਚ ਸਿੱਖ ਸੰਗਤ ਸਹੀਦੀਆਂ ਪ੍ਰਪਤ ਕਰ ਗਈ, ਜਿੱਥੇ ਭਾਰਤੀ ਫੌਜ ਵਲੋਂ ਗੋਲਾ ਬਾਰੀ ਕੀਤੀ ਜਾ ਰਹੀ ਸੀ ਓਤੇ ਕਲਗੀਧਰ ਦਸਮੇਸ ਪਿਤਾ ਦੇ ਮਰਜੀਵੜੇ ਸਿੰਘ ਭਾਰਤੀ ਫੌਜ ਵਲੋਂ ਕੀਤੀ ਜਾ ਰਹੀ ਫਾਈਰਿੰਗ ਦਾ ਮੂੰਹ ਤੋੜ ਜਵਾਬ ਦੇ ਰਹੇ ਸਨ, ਸਿੰਘਾਂ ਵਲੋਂ ਕੀਤੀ ਫਾਈਰਿੰਗ

ਆਵਾਜ਼ਿ ਕੌਮ
AWAZE QAUM
International Newspaper & WEB TV

ਨਾਲ ਭਾਰਤੀ ਫੌਜ ਦੇ ਸੈਂਕੜਿਆਂ ਦੀ ਤਾਦਾਤ ਵਿੱਚ ਫੌਜੀ ਮਾਰੇ ਗਏ ਜੀਹਨਾਂ ਦੀਆਂ ਲਾਸਾਂ ਥਾਂ ਥਾਂ ਪਈਆਂ ਰੁਲ ਰਹੀਆਂ ਨੇ, ਸਰੋਵਰ ਦੇ ਜਲ ਦਾ ਰੰਗ ਵੀ ਲਾਲ ਹੋ ਗਿਆ, ਕਈ ਲਾਸਾਂ ਸਰੋਵਰ ਵਿੱਚ ਤੈਰ ਰਹੀਆਂ ਸਨ, ਓਹ ਫੌਜੀ ਜੀਹਨਾਂ ਦਾ ਨਿਸਾਂਨਾ ਸ੍ਰੀ ਅਕਾਲ ਤਖਤ ਸਾਹਿਬ ਵੱਲ ਗੋਲੇ ਸੁਟਣਾਂ ਹੈ ਜਦੋਂ ਨੇੜੇ ਹੋਣ ਦੀ ਕੋਸਸਿ ਕਰਦੇ ਨੇ ਸਿੰਘਾਂ ਦੀਆਂ ਗੋਲੀਆਂ ਦਾ ਸਕਿਾਰ ਹੋ ਜਾਂਦੇ ਨੇ, ਫਿਰ ਕੋਸਸਿ ਹੂੰਦੀ ਹੈ ਕਿ ਕਿਸੇ ਤਰਾਂ ਰਿੜਕੇ ਓਕਾਲ ਤਖਤ ਸਾਹਿਬ ਦੇ ਨੇੜੇ ਪਹੁੰਚਿਆ ਜਾਵੇ ਪਰ ਫਰਸ ਓਪਰ ਫਿੱਟ ਮਸੀਨ ਗੰਨ ਨਾਲ ਓਹ ਭੁੰਨ ਕੇ ਓਡਾ ਦਿੱਤੇ ਜਾਂਦੇ ਨੇ !

ਇੱਧਰ ਕੇ ਐਸ ਬਰਾੜ ਇਹ ਸੋਚਦਾ ਕਿ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਆਪਣਿਆਂ ਸਾਥੀਆਂ ਸਮੇਤ ਸਰੋਵਰ ਵਿੱਚ ਕਿਧਰੇ ਲੁਕੇ ਹੋਏ ਹੋ ਸਕਦੇ ਨੇ, ਇੱਹਨੇ ਆਪਣੇ 20 ਤੋਂ 25 ਗੋਤਾਖੋਰ ਫੌਜੀਆਂ ਨੂੰ ਸਰੋਵਰ ਵਿੱਚ ਓਤਾਰ ਦਿੱਤਾ, ਪਰ ਗੁਰੂ ਕੇ ਖਾਲਸੇ ਦੀ ਬਾਜ ਅੱਖ ਤੋਂ ਇੱਹ ਬਚ ਨਾ ਸਕੇ ਗੁਰੂ ਕੇ ਸਿੰਘਾਂ ਨੇ ਸਾਰਿਆਂ ਨੂੰ ਗੋਲੀਆਂ ਨਾਲ ਭੁੰਨ ਕੇ ਖਤਮ ਕਰ ਦਿੱਤਾ, ਹੁਣ ਕੇ ਐਸ ਬਰਾੜ ਗੱਸੇ ਨਾਲ ਸੜ ਬੱਲ ਗਿਆ ਗੁੱਸੇ ਵਿੱਚ ਆਏ ਇੱਸ ਸੈਤਾਨ ਨੇ ਸਰੋਵਰ ਵਿੱਚ ਗਹਿਰ ਮਿਲਾ ਦਿੱਤਾ, ਇੱਕ ਸਿੱਖ ਬੀਬਿ ਜਿਸਦੇ ਬੱਚਾ ਹੋਣ ਵਾਲਾ ਹੈ ਪਿਆਸ ਵਿੱਚ ਪਈ ਤੜਫਦੀ ਹੈ ਇੱਕ ਸਿੱਖ ਨੌਜਵਾਨ ਵਰਦੀਆਂ ਗੋਲੀਆਂ ਵਿੱਚ ਪਾਣੀ ਦੀ ਬਾਲਟੀ ਸਰੋਵਰ ਵਿੱਚੋਂ ਭਰਕੇ ਲੈਕੇ ਗਿਆ, ਪਾਣੀ ਦਾ ਘੁੱਟ ਓਸ ਸਿੱਖ ਬੀਬੀ ਦੇ ਮੂੰਹ ਵਿੱਚ ਪਇਆ ਪਾਣੀ ਦਾ ਘੁੱਟ ਮੂੰਹ ਵਿੱਚ ਪੈਂਦੇ ਸਾਰ ਓਹ ਸਿੱਖ ਬੀਬੀ ਆਪਣੇ ਹੋਣ ਵਾਲੇ ਬੱਚੇ ਸਮੇਤ ਦਮ ਤੋੜ ਗਈ, ਇੱਕ ਸਿੱਖ ਨੌਜਵਾਨ ਨੇ ਓਹੀ ਪਾਣੀ ਜਦੋਂ ਆਪਣੇ ਮੂੰਹ ਵਿੱਚ ਪਇਆ ਤਾਂ ਓਸ ਦੇ ਵੀ ਪ੍ਰਾਂਣ ਪਖੇਰੂ ਓਡ ਗਏ !ਜਦੋਂ ਸਾਰਿਆਂ ਨੇ ਸਰੋਵਰ ਵੱਲ ਧਿਆਨ ਮਾਰਿਆ ਸਰੋਵਰ ਵਿੱਚ ਪਾਣੀ ਓਪਰ ਮਰੀਆਂ ਹੋਈਆਂ ਮੱਛੀਆਂ ਤੇਰਦੀਆ ਪਈਆਂ ਨੇ ਪਤਾ ਲੱਗ ਗਿਆ ਸਭਨੂੰ ਕਿ ਸਰੋਵਰ ਵਿੱਚ ਵੀ ਜਹਿਰ ਮਿਲਾ ਦਿੱਤਾ ਗਿਆ ਹੈ, ਸਿੱਖ ਸੰਗਤਾਂ ਦੇ ਪੀਣ ਵਾਸਤੇ ਕਿਤੇ ਪਾਣੀ ਨਹੀ ਹੈ, ਸਿੱਖ ਸੰਗਤ ਪਿਆਸ ਵਿੱਚ ਤੜਫਦੀ ਹੈ, ਗੰਦਾ ਮੰਦਾ ਟੋਇਆਂ ਨਾਲੀਆਂ ਵਿੱਚ ਭਰਿਆ ਪਾਣੀ ਪੀ ਕੇ ਸਿਖ ਸੰਗਤਾਂ ਗੁਜਾਰਾ ਕਰ ਰਹੀਆਂ ਨੇ, ਬੱਚਿਆਂ ਅਤੇ ਬੁਜੁਰਗਾਂ ਦੀ ਹਾਲਤ ਤਾਂ ਬਹੁਤ ਹੀ ਤਰਸਯੋਗ ਹੋ ਗਈ, ਕਈ ਬੁਜੁਰਗਾਂ ਨੇ ਪਿਆਸ ਅਤੇ ਗਰਮੀ ਦੇ ਕਾਰਣ ਦਮ ਤੋੜ ਦਿੱਤਾ, ਕਈ ਬੱਚਿਆਂ ਨੇ ਭੁੱਖ ਪਿਆਸ, ਗੋਲਿਆਂ ਦੀ ਧਮਕ, ਲੋਹੜੇ ਦੀ ਗਰਮੀ ਅਤੇ ਜਗਾਹ ਜਗਾਹ ਪਈਆਂ ਲਾਸਾਂ ਚੋਂ ਆ ਰਹੀ ਸੜਿਆਂਦ ਕਾਰਣ ਮਾਵਾਂ ਦੇ ਹੱਥਾਂ ਵਿੱਚ ਹੀ ਦਮ ਤੋੜ ਦਿੱਤਾ ! ਇਸੇ ਰਾਤ ਸਰਾਂ ਦੇ 61 ਨੰਬਰ ਕਮਰੇ ਵਿੱਚ 60 ਸਿੱਖਾਂ ਨੂੰ ਭਾਰਤੀ ਫੌਜ ਵਲੋਂ ਬੰਦ ਕਰ ਦਿੱਤਾ ਗਿਆ, ਚਾਰੇ ਪਾਸੇ ਅੱਗ ਦਿ ਤਰਾਂ ਗੋਲਿਆਂ ਦੀ ਬਰਸਾਤ ਹੋ ਰਹੀ ਹੈ ਇਹ ਕਮਰਾ ਜੋ ਭੱਠ ਵਾਂਗ ਤਪਦਾ ਪਿਆ ਹੈ ਭੁਖੇ ਪਿਆਸੇ 60 ਗੁਰੂ ਕੇ ਸਿੱਖ ਜਿਨਾਂ ਵਿੱਚੋਂ ਕਿਸੇ ਨੇ ਜੇ ਕਿਸੇ ਫੌਜੀ ਕੋਲੋਂ ਪਾਣੀ ਦੀ ਮੰਗ ਕੀਤੀ ਤਾਂ ਅੱਗੋ ਓਸ ਫੌਜੀ ਦਾ ਜਵਾਬ ਸੀ ਬਾਹਰ ਕੇਵਲ ਮਸੀਨ ਗੰਨ ਦੀਆਂ ਗੀਆਂ ਨੇ ਪਾਣੀ ਤਾਂ ਤੁਹਾਡੇ ਭਿੰਡਰਾਂਵਾਲੇ ਨੂੰ ਪਿਆਇਆ ਜਾ ਰਿਹਾ ਹੈ ! ਸਾਰੀ ਰਾਤ ਇਹ ਗੁਰੂ ਕੇ ਲਾਲ ਇੱਸ ਕਮਰੇ ਵਿੱਚ ਕੈਦ ਰੱਖੇ ਗਏ ਜਦੋਂ ਸਵੇਰੇ ਕਮਰਾ ਖੋਲਿਆ ਗਿਆ 60 ਵਿਚੋਂ 55 ਖਤਮ ਹੋ ਚੁਕੇ ਨੇ ਤੇ ਬਾਕੀ 5 ਬੇਹੋਸ ਪਏ ਨੇ ! ਸਾਮ ਦਾ ਵਕਤ ਘਮਾਸਾਂਨ ਜੰਗ ਹੋ ਰਹੀ ਹੈ, ਇਧਰ ਕੇ ਐਸ ਬਰਾੜ ਨੇ 60 ਕਮਾਂਡੋ ਸ੍ਰੀ ਅਕਾਲ ਤਖਤ ਸਾਹਿਬ ਵਲਨੂੰ ਭੇਜੇ ਪਹਿਲੇ ਹੱਲੇ ਹੀ ਗੁਰੂ ਕੇ ਸਿੰਘਾਂ ਨੇ 59 ਨੂੰ ਓੜਾ ਦਿੱਤਾ ! ਜਨਰਲ ਕੇ ਐਸ ਬਰਾੜ ਕੰਬ ਗਿਆ, ਓਹ ਬਰਾੜ ਜਿਹੜਾ 30 ਮਈ ਨੂੰ ਚੰਡੀਗੜ ਵਿਖੇ ਹੋਈ ਮੀਟਿੰਗ ਵਿੱਚ ਛਾਤੀ ਠੋਕ ਕੇ ਕਹਿੰਦਾ ਸੀ ਕਿ ਮੈ ਦੋਆਂ ਘੰਟਿਆਂ ਵਿੱਚ ਭਿੰਡਰਾਂਵਾਲੇ ਦੇ ਗੋਡੇ ਟਿਕਾ ਦੇਵਾਂਗਾ, ਤੇ ਜਦੋਂ ਕਿਸੇ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਐਨੀ ਛੇਤੀ ਹਾਰ ਮੰਨਣ ਵਲਿਆਂ ਵਿੱਚੋਂ ਨਹੀ ਤਾਂ ਬਰਾੜ ਦੇ ਬੋਲ ਸਨ ਕਿ ਜਦੋਂ ਤੋਪਾਂ ਦੇ ਗੋਲੇ ਚਲਦੇ ਨੇ ਓਦੋਂ ਵੱਡੇ ਵੱਡੇ ਜਰਨੈਲਾਂ ਦੇ ਗੋਡੇ ਟਿਕ ਜਾਂਦੇ ਨੇ ਇਹ ਭਿੰਡਰਾਂਵਾਲਾ ਕੀ ਚੀਜ ਹੈ, ਅੱਜ ਛੇਵੇਂ ਦਿਨ ਵੀ ਸੰਤ ਬਾਬਾ ਜਰਨੈਲ ਸਿੰਘ ਹੋਰਾਂ ਨੂੰ ਭੋਰਾ ਵੀ ਡੂਲਾ ਨਾ ਸਕਿਆ! ਹੁਣ ਬਰਾੜ ਸੋਚਦਾ ਕਿ ਮੈ ਅੱਜ ਤਕ ਸਿਰਫ ਤੇ ਅਪਣੀ ਹੀ ਫੌਜ ਮਰਵਾਈ ਹੈ, ਮੈ ਸਰਕਾਰ ਨੂੰ ਕਹਿ ਕਿ ਆਇਆਂ ਸਾਂ ਕਿ ਦੋ ਘੰਟਿਆਂ ਵਿੱਚ ਭਿੰਡਰਾਂ ਵਾਲੇ ਨੂੰ ਫੜ ਲਵਾਂਗਾ ਅੱਜ ਪੰਜਵਾਂ ਦਿਨ ਹੈ ਅਜੇ ਤਕ ਭਿੰਡਰਾਂ ਵਾਲਾ ਫੜਿਆ ਨਹੀ ਗਿਆ ਤੇ ਸਵੇਰੇ ਮੇਰੀ ਅਸਫਲਤਾ ਜੱਗ ਜਾਹਿਰ ਹੋ ਜਾਵੇਗੀ ਮੈ ਸਰਕਾਰ ਨੂੰ ਕੀ ਮੂੰਹ ਦਿਖਾਵਾਂਗਾ ਸੋ ਇਸ ਪਾਪੀ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਨਾਲ ਓਡਾਂਓਣ ਦਾ ਫੈਸਲਾ ਕਰ ਲਿਆ ! 5 ਜੂਨ ਦੀ ਰਾਤ 11ਵਜਕੇ 55 ਮਿੰਨਟ ਤੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਇੱਕ ਤੇਜ ਰੋਸਨੀ ਹੋਈ ਜਿਸਦਾ ਪ੍ਰਕਾਸ ਇਤਨਾ ਤੇਜ ਸੀ ਕਿ ਇੱਕ ਦਮ ਅੱਖਾਂ ਧੁੰਦਲਾ ਗਈਆਂ, ਇਸ ਤੇਜ ਰੋਸਨੀ ਵਿੱਚ ਇਸ ਤਰਾਂ ਲਗਿਆ ਜਿਵੇਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੰਦਰ ਆ ਰਹੀਆਂ ਹੋਣ ਜੋ ਦਰਬਾਰ ਸਾਹਿਬ ਕੰਪਲੈਕਸ ਵਿੱਚ ਲੱਗੀ ਹੋਈ ਅੱਗ ਨੂੰ ਬੁਝੌਣ ਲਈ ਬੁਲਾਈਆਂ ਗਈਆਂ ਹੋਣ ਪਰ ਵਾਸਤਵ ਵਿੱਚ ਐਸਾ ਕੁਜ ਵੀ ਨਹੀ ਸੀ ਇਹ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨਹੀਂ ਇਹ ਤਾਂ ਭਾਰਤੀ ਫੌਜ ਦੇ ਟੈਂਕ ਸਨ ਜੋ ਦਿੱਲੀ ਦੀ ਜਾਲਮ ਹਕੂਮਤ ਨੇ ਸਿੱਖਾਂ ਦੀ ਸਰਵ ਓਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਓਡਾਓਣ ਵਾਸਤੇ ਭੇਜੇ ਸਨ !

(ਬਾਕੀ ਕੱਲ੍ਹ)



## ਘੱਲੂਘਾਰਾ ਜੂਨ 1984 ਦੇ ਸ਼ਹੀਦਾਂ ਦੀ ਯਾਦ ’ਚ

## ‘ਆਵਾਜ਼ਿ ਕੌਮ’ ਵੱਲੋਂ

## ਵਿਸ਼ੇਸ਼ ਅੰਕ 6 ਜੂਨ ਨੂੰ

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸ਼ਬੇਗ ਸਿੰਘ, ਬਾਬਾ ਠਾਰਾ ਸਿੰਘ ਅਤੇ ਹੋਰ ਸ਼ਹੀਦ ਸਿੰਘਾਂ ਦੀ ਯਾਦ ’ਚ ‘ਅਦਾਰਾ ਆਵਾਜ਼ਿ ਕੌਮ’ ਵੱਲੋਂ 6 ਜੂਨ ਨੂੰ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਸਮੂਹ ਪੰਥਕ ਜਥੇਬੰਦੀਆਂ, ਧਾਰਮਿਕ ਸੰਸਥਾਵਾਂ ਅਤੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਮੂਹ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਪ੍ਰਗਟ ਕਰਨ ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਹੇਠ ਲਿਖੇ ਮੋਬਾਈਲ ਨੰਬਰ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋ. : +44 7976 210161**

(ਭਾਈ ਰਘਵੀਰ ਸਿੰਘ ਵਾਲਸਾਲ)

**ਮੁੱਖ ਸੰਪਾਦਕ, ਆਵਾਜ਼ਿ ਕੌਮ (ਯੂ. ਕੇ.) ਇੰਗਲੈਂਡ**





*** ਪ੍ਰਣਾਮ ਸ਼ਹੀਦਾਂ ਨੂੰ ***

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਬਾਬਾ ਥਾਰਾ ਸਿੰਘ, ਸ਼ਹੀਦ ਜਨਰਲ ਸ਼ਬੇਗ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਜਿਨ੍ਹਾਂ ਨੇ ਜੂਨ 1984 ਵਿੱਚ 'ਧਰਮ ਹੇਤ ਸੀਸ ਵਾਰ' ਕੇ ਪੰਜਵੇਂ ਨਾਨਕ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ।

**ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਗੁਰਦੁਵਾਰਾ ਸਾਹਿਬ Hesperia 1.30 pm ਕੱਲ ਐਤਵਾਰ ਆਰੰਭ SRI SEHEJ PATH JI In Memory of All Saheed who laid their lives for protection of SRI DARBARAND SRI AKAL TAKHATSAHIB of 6th. June AIHD ( ਤੀਸਰਾ ਘੱਲੂਘਾਰਾ) ਸ੍ਰੀ ਸਹਿਜ ਪਾਠ ਦੇ ਭੋਗ 7th. ਜੂਨ 2026 ਨੂੰ 10 ਵਜੇ ਪੈਣਗੇ ਉਪਰੰਤ ਸ਼ਹੀਦਾਂ ਦੀ ਯਾਦ ਵਿੱਚ ਦੀਵਾਨ ਸਜਾਏ ਜਾਣਗੇ**

--* ਜਾਰੀ ਕਰਤਾ *--

# ਸਮੂਹ ਪ੍ਰਬੰਧਕ ਕਮੇਟੀ

## ਗੁਰਦੁਵਾਰਾ ਸਾਹਿਬ Hesperia U. S.A.

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 5 ਜੂਨ 2026 (ਨਾਨਕਸ਼ਾਹੀ ਸੰਮਤ : ੫੫੮, ੨੨ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਅੰਮ੍ਰਿਤਸਰ ਅਦਾਲਤ ਦੇ ਹੁਕਮ ਤੋਂ ਬਾਅਦ ਪੁਲਿਸ ਨੇ ਮੁਹੱਈਆ ਕਰਵਾਈ FIR; ਮਜੀਠੀਆ ਸਣੇ 5 ਲੋਕਾਂ ਨਾਮਜ਼ਦ

**ਅੰਮ੍ਰਿਤਸਰ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਦਰਜ ਐਫਆਈਆਰ ਨੂੰ ਆਖਰਕਾਰ ਘਟਨਾ ਦੇ ਚੌਥੇ ਦਿਨ ਜਨਤਕ ਕਰ ਦਿੱਤਾ ਗਿਆ। ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇਹ ਕਾਰਵਾਈ ਅਦਾਲਤ ਦੇ ਦਖਲ ਤੋਂ ਬਾਅਦ ਕੀਤੀ। ਐਫਆਈਆਰ ਦੀ ਇੱਕ ਕਾਪੀ ਨੂੰ ਜ਼ਿਲ੍ਹਾ ਅਦਾਲਤ ਵਿਖੇ ਮਜੀਠੀਆ ਦੇ ਵਕੀਲਾਂ ਨੂੰ ਉਪਲਬਧ ਕਰਵਾਈ ਗਈ, ਜਿਸ ਵਿੱਚ ਮਾਮਲੇ ਵਿੱਚ ਲੱਗੇ ਇਲਜ਼ਾਮਾਂ ਦੇ ਵੇਰਵਿਆਂ ਦਾ ਖੁਲਾਸਾ ਕੀਤਾ ਗਿਆ। ਮਿਲੀ ਜਾਣਕਾਰੀ ਮੁਤਾਬਿਕ ਪੁਲਿਸ ਵੱਲੋਂ ਦਰਜ ਕੀਤੀ ਗਈ ਐਫਆਈਆਰ ਵਿੱਚ ਬਿਕਰਮ ਸਿੰਘ ਮਜੀਠੀਆ ਤੋਂ ਇਲਾਵਾ, ਉਸਦੇ ਨਜ਼ਦੀਕੀ ਸਾਥੀਆਂ, ਵਕੀਲ ਬਿਕਰਮ ਸਿੰਘ ਬਾਠ, ਸਾਹਿਬ ਹਮਜ਼ਾ, ਰਾਜਾ ਲੱਦੇਹ ਅਤੇ ਜੋਧ ਸਿੰਘ ਸਮਰਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੁਲਿਸ 50 ਤੋਂ ਵੱਧ ਹੋਰ ਲੋਕਾਂ ਦੀ ਪਛਾਣ ਕਰਨ ਲਈ ਵੀ ਕੰਮ ਕਰ ਰਹੀ ਹੈ ਜੋ ਘਟਨਾ ਸਮੇਂ ਕਥਿਤ ਤੌਰ ’ਤੇ ਉਸਦੇ ਨਾਲ ਮੌਜੂਦ ਸਨ। 50 ਤੋਂ ਵੱਧ ਅਣਪਛਾਤਿਆਂ ’ਤੇ BNS ਦੀਆਂ ਧਾਰਾਵਾਂ ਲਗਾਈਆਂ ਗਈਆਂ ਹਨ। ਕਾਬਿਲੇਗੌਰ ਹੈ ਕਿ ਐਫਆਈਆਰ ਦੇ ਅਨੁਸਾਰ, ਇਹ ਮਾਮਲਾ ਐਤਵਾਰ ਨੂੰ ਵਾਪਰੀ ਇੱਕ ਘਟਨਾ ਤੋਂ ਬਾਅਦ ਪੈਦਾ ਹੋਇਆ ਹੈ ਜਦੋਂ ਮਜੀਠੀਆ ਆਪਣੇ ਸਮਰਥਕਾਂ ਅਤੇ ਸਾਥੀਆਂ ਸਮੇਤ ਮਜੀਠਾ ਪੁਲਿਸ ਸਟੇਸ਼ਨ ਪਹੁੰਚੇ। ਪੁਲਿਸ ਦਾ ਇਲਜ਼ਾਮ ਹੈ ਕਿ ਉਹ ਆਪਣੇ ਸਮਰਥਕ ਜੋਬਨਪ੍ਰੀਤ ਸਿੰਘ ਦੀ ਰਿਹਾਈ ਯਕੀਨੀ ਬਣਾਉਣ ਲਈ ਉੱਥੇ ਗਿਆ ਸੀ, ਜੋ ਕਿ ਪੁਲਿਸ ਹਿਰਾਸਤ ਵਿੱਚ ਸੀ ਅਤੇ ਪੁੱਛਗਿੱਛ ਕੀਤੀ ਜਾ ਰਹੀ ਸੀ।

## ਪੰਜਾਬ ਸੈਕਟਰੀਏਟ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

# ਈਮੇਲ ਮਿਲਣ ਮਗਰੋਂ ਸੁਰੱਖਿਆ ਏਜੰਸੀਆਂ ਹਾਈ ਅਲਰਟ ’ਤੇ




**ਚੰਡੀਗੜ੍ਹ, 4 ਜੂਨ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਸਕੱਤਰੇਤ ਨੂੰ ਇੱਕ ਹੋਰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸਕੱਤਰੇਤ ਨੂੰ ਭੇਜੀ ਗਈ ਧਮਕੀ ਭਰੀ ਈਮੇਲ ਵਿੱਚ ਬੰਬ ਧਮਾਕੇ ਦੀ ਚੇਤਾਵਨੀ ਦਿੱਤੀ ਗਈ ਹੈ। ਸਕੱਤਰੇਤ ਨੂੰ ਉਡਾਉਣ ਦੀ ਧਮਕੀ ਦੇਣ ਵਾਲੀ ਅਜਿਹੀ ਹੀ ਈਮੇਲ ਪਹਿਲਾਂ ਵੀ ਭੇਜੀ ਜਾ ਚੁੱਕੀ ਹੈ। ਧਮਕੀ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਪੂਰੇ ਕੰਪਲੈਕਸ ਦੀ ਤਲਾਸ਼ੀ ਲਈ ਜਾ ਰਹੀ ਹੈ, ਜਦੋਂ ਕਿ ਈਮੇਲ ਭੇਜਣ ਵਾਲੇ ਦੀ ਪਛਾਣ ਅਤੇ ਸਰੋਤ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ ਸਕੱਤਰੇਤ ਕੰਪਲੈਕਸ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਇੱਕ ਵਿਸ਼ਾਲ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਸੁਰੱਖਿਆ ਏਜੰਸੀਆਂ ਨੇ ਇਮਾਰਤ ਦੇ ਵੱਖ-ਵੱਖ ਹਿੱਸਿਆਂ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ। ਹਾਲਾਂਕਿ, ਸ਼ੁਰੂਆਤੀ ਜਾਂਚ ਦੌਰਾਨ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ। ਧਮਕੀ ਦੇ ਮੱਦੇਨਜ਼ਰ ਸਕੱਤਰੇਤ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਪ੍ਰਵੇਸ਼ ਅਤੇ ਨਿਕਾਸ ਰਸਤਿਆਂ ’ਤੇ ਵਾਧੂ ਪੁਲਿਸ ਤਾਇਨਾਤ ਕੀਤੀ ਗਈ ਸੀ, ਅਤੇ ਸੈਲਾਨੀਆਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਗਈ ਸੀ। ਅਧਿਕਾਰੀ ਪੂਰੇ ਵਿਕਾਸ ਦੀ ਨਿਗਰਾਨੀ ਕਰਦੇ ਰਹੇ।

## ਪੰਜਾਬ ਦੇ 5 ਵੱਡੇ ਮੰਦਿਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਕਿਹਾ- 1984 ਦਾ ਲਿਆ ਜਾਵੇਗਾ ਬਦਲਾ

**ਅੰਮ੍ਰਿਤਸਰ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਦੁਰਗਿਆਣਾ ਮੰਦਿਰ, ਪਠਾਨਕੋਟ ਦੇ ਮੁਕਤੇਸ਼ਵਰ ਮੰਦਿਰ, ਬਠਿੰਡਾ ਦੇ ਮਾਈਸਰ ਮੰਦਿਰ ਅਤੇ ਪਟਿਆਲਾ ਦੇ ਕਾਲੀ ਦੇਵੀ ਮੰਦਿਰ ਦੇ ਨਾਲ-ਨਾਲ ਦੇਵੀ ਤਲਾਬ ਮੰਦਿਰ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਈਮੇਲਾਂ ਵਿੱਚ ਕਿਹਾ ਗਿਆ ਹੈ ਕਿ 6 ਜੂਨ, 1984 ਨੂੰ ਦਰਬਾਰ ਸਾਹਿਬ ’ਤੇ ਹੋਏ ਹਮਲੇ ਦਾ ਬਦਲਾ ਲਿਆ ਜਾਵੇਗਾ। ਲੋਕਾਂ ਨੂੰ 5 ਅਤੇ 6 ਜੂਨ ਨੂੰ ਅੰਬਾਲਾ ਅਤੇ ਦਿੱਲੀ ਵਿਚਕਾਰ ਯਾਤਰਾ ਨਾ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਘਟਨਾ ਨੇ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਹਲਚਲ ਮਚਾ ਦਿੱਤੀ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ, ਪੁਲਿਸ, ਬੰਬ ਨਿਰੋਧਕ ਅਤੇ ਕੁੱਤਿਆਂ ਦੇ ਦਸਤੇ ਦੀਆਂ ਟੀਮਾਂ ਚੰਡੀਗੜ੍ਹ ਸਕੱਤਰੇਤ ਦੀ ਇਮਾਰਤ ’ਤੇ ਪਹੁੰਚੀਆਂ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਨ੍ਹਾਂ ਤੋਂ ਇਲਾਵਾ ਪਟਿਆਲਾ ’ਚ ਸਥਿਤ ਕਾਲੀ ਦੇਵੀ ਮੰਦਿਰ ’ਚ ਵੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਮੰਦਿਰ ’ਚ ਆਉਣ ਵਾਲੇ ਸ਼ਰਧਾਲੂਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਅੰਮ੍ਰਿਤਸਰ ਸਥਿਤ ਪ੍ਰਸਿੱਧ ਦੁਰਗਿਆਣਾ ਮੰਦਿਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹੋ ਗਈਆਂ ਹਨ। ਮੰਦਿਰ ਪਰਿਸਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵਾਧੂ ਪੁਲਿਸ ਫੋਰਸ ਤੈਨਾਤ ਕਰ ਦਿੱਤੀ ਗਈ ਹੈ। ਮੰਦਿਰ ਵਿੱਚ ਮੱਥਾ ਟੇਕਣ ਆਉਣ ਵਾਲੇ ਹਰ ਸ਼ਰਧਾਲੂ ਦੀ ਸਖ਼ਤ ਜਾਂਚ ਕੀਤੀ ਜਾ ਰਹੀ ਹੈ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਪਹਿਲਾਂ ਨਾਲੋਂ ਹੋਰ ਮਜ਼ਬੂਤ ਕੀਤਾ ਗਿਆ ਹੈ। ਮੰਦਿਰ ਪਰਿਸਰ ਵਿੱਚ ਆਉਣ-ਜਾਣ ਵਾਲੇ ਸਾਰੇ ਲੋਕਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਪੁਲਿਸ ਮੁਲਾਜ਼ਮ, ਖੁਫੀਆ ਏਜੰਸੀਆਂ ਦੇ ਅਧਿਕਾਰੀ ਅਤੇ ਸੁਰੱਖਿਆ ਬਲ ਲਗਾਤਾਰ ਹਾਲਾਤਾਂ ’ਤੇ ਨਜ਼ਰ ਬਣਾਈ ਹੋਏ ਹਨ। ਮੰਦਰ ਦੇ ਆਲੇ-ਦੁਆਲੇ ਵੀ ਸੁਰੱਖਿਆ ਘੇਰਾ ਵਧਾ ਦਿੱਤਾ ਗਿਆ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਇਸ ਸਬੰਧੀ ਦੁਰਗਿਆਣਾ ਮੰਦਿਰ ਅਤੇ ਵੱਡਾ ਹਨੂੰਮਾਨ ਮੰਦਿਰ ਕਮੇਟੀ ਦੇ ਪ੍ਰਧਾਨ ਡਾ. ਰਾਕੇਸ਼ ਸ਼ਰਮਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੰਦਿਰ ਪ੍ਰਬੰਧਕਾਂ ਨੂੰ ਸਿੱਧੇ ਤੌਰ ’ਤੇ ਕੋਈ ਧਮਕੀ ਭਰਿਆ ਈਮੇਲ, ਫੋਨ ਕਾਲ ਜਾਂ ਪੱਤਰ ਪ੍ਰਾਪਤ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਬਾਰੇ ਜਾਣਕਾਰੀ ਉਨ੍ਹਾਂ ਨੂੰ ਮੀਡੀਆ ਅਤੇ ਪ੍ਰਸ਼ਾਸਨਿਕ ਸਰੋਤਾਂ ਰਾਹੀਂ ਮਿਲੀ ਹੈ।

## ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਕੇਸ ਲੜਨ ਵਾਲੇ ਵਕੀਲ ਦੀ ਸੁਰੱਖਿਆ ਵਾਪਸ ਲੈਣ ਦਾ ਮਾਮਲਾ, ਪੰਜਾਬ ਸਰਕਾਰ ਨੂੰ ਨੋਟਿਸ ਜਾਰੀ





**ਚੰਡੀਗੜ੍ਹ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਕੇਸ ਲੜਨ ਵਾਲੇ ਵਕੀਲ ਦੀ ਸੁਰੱਖਿਆ ਵਾਪਸ ਲੈਣ ਦਾ ਮਾਮਲੇ ’ਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਦੱਸ ਦਈਏ ਕਿ ਵਕੀਲ ਸਿਮਰਨਜੀਤ ਸਿੰਘ ਦੀ ਪਟੀਸ਼ਨ ’ਤੇ ਇਹ ਕਾਰਵਾਈ ਕੀਤੀ ਗਈ ਹੈ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ 10 ਜੂਨ ਤੋਂ ਪਹਿਲਾਂ ਜਵਾਬ ਦਾਖਲ ਕਰਨ ਦਾ ਹੁਕਮ ਜਾਰੀ ਕੀਤਾ ਹੈ। ਦੱਸ ਦਈਏ ਕਿ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਅਤੇ ਕੁਝ ਵੱਖਵਾਦੀਆਂ ਨੇ 10 ਲੋਕਾਂ ਦੀ ਲਿਸਟ ਜਾਰੀ ਕੀਤੀ ਸੀ। ਇਸ ਲਿਸਟ ’ਚ ਐਡਵੋਕੇਟ ਸਿਮਰਨਜੀਤ ਸਿੰਘ ਦਾ ਨਾਂਅ ਵੀ ਸ਼ਾਮਲ ਹੈ। ਇਸ ਲਿਸਟ ਦੇ ਸਾਹਮਣੇ ਆਉਣ ਤੋਂ ਬਾਅਦ ਪਿਛਲੇ ਸਾਲ ਐਡਵੋਕੇਟ ਸਿਮਰਨਜੀਤ ਸਿੰਘ ਨੂੰ ਸੁਰੱਖਿਆ ਮਿਲੀ ਸੀ। ਹਾਲਾਂਕਿ, ਹੁਣ ਬਿਨਾਂ ਕਿਸੇ ਖਤਰੇ ਦੇ ਮੁਲਾਂਕਣ ਦੇ ਉਸਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ, ਜਦਕਿ ਵਕੀਲ ਦਾ ਕਹਿਣਾ ਹੈ ਕਿ ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਅਜੇ ਵੀ ਖਤਰਾ ਹੈ। ਇਸ ਲਈ, ਐਡਵੋਕੇਟ ਸਿਮਰਨਜੀਤ ਸਿੰਘ ਨੇ ਹੁਣ ਆਪਣੀ ਵਾਪਸ ਲਈ ਗਈ ਸੁਰੱਖਿਆ ਨੂੰ ਬਹਾਲ ਕਰਨ ਲਈ ਹਾਈ ਕੋਰਟ ਦਾ ਰੁਖ ਕੀਤਾ ਹੈ। ਐਡਵੋਕੇਟ ਸਿਮਰਨਜੀਤ ਸਿੰਘ ਇਸ ਸਮੇਂ ਗੁਰਪ੍ਰੀਤ ਸਿੰਘ ਹਰੀਨੌ ਕਤਲ ਕੇਸ ਵਿੱਚ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਕੇਸ ਲੜ ਰਹੇ ਹਨ। ਉੱਥੇ ਹੀ ਅੰਮ੍ਰਿਤਪਾਲ ਸਿੰਘ ਦੇ ਸੰਸਦ ਚੋਣਾਂ ਨੂੰ ਚੁਣੌਤੀ ਦਿੰਦੇ ਹੋਏ ਵਿਕਰਮਜੀਤ ਸਿੰਘ ਦੋਆਬੀ ਨੇ ਹਾਈਕੋਰਟ ’ਚ ਜੋ ਪਟੀਸ਼ਨ ਦਾਇਰ ਕੀਤੀ ਹੈ ਉਸ ’ਚ ਵੀ ਉਹ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਅਤੇ ਦੋਆਬੀ ਵੱਲੋਂ ਪੇਸ਼ ਹੋ ਰਹੇ ਹਨ।

## ਕੈਨੇਡਾ ’ਚ ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਨੇ ਤਿਆਰ ਕੀਤਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਿਸ਼ੇਸ਼ ਮਾਡਲ, ਜੂਨ 1984 ਦੇ ਦਰਦ ਨੂੰ ਕੀਤਾ ਜੀਵੰਤ

**ਬਰੈਂਪਟਨ (ਕੈਨੇਡਾ), 4 ਜੂਨ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਪ੍ਰਸਿੱਧ ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਵੱਲੋਂ ਕੈਨੇਡਾ ਦੇ ਬ੍ਰੈਂਪਟਨ ਸ਼ਹਿਰ ਵਿੱਚ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇੱਕ ਵਿਸ਼ੇਸ਼ ਮਾਡਲ ਤਿਆਰ ਕੀਤਾ ਗਿਆ ਹੈ। ਇਸ ਮਾਡਲ ਵਿੱਚ ਜੂਨ 1984 ਦੌਰਾਨ ਹੋਏ ਹਮਲੇ ਦੇ ਨਿਸ਼ਾਨਾਂ ਨੂੰ ਦਰਸਾਉਂਦਿਆਂ ਗੋਲੀਆਂ, ਤੋਪਾਂ ਅਤੇ ਟੈਂਕਾਂ ਨਾਲ ਪ੍ਰਭਾਵਿਤ ਹੋਈਆਂ ਕੰਧਾਂ, ਖਿੜਕੀਆਂ ਅਤੇ ਦਰਵਾਜ਼ਿਆਂ ਨੂੰ ਬਹੁਤ ਹੀ ਬਾਰੀਕੀ ਨਾਲ ਉਕੇਰਿਆ ਗਿਆ ਹੈ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮਾਡਲ ਨੂੰ ਤਿਆਰ ਕਰਨ ਵਿੱਚ ਕਰੀਬ 20 ਤੋਂ 25 ਦਿਨ ਲੱਗੇ ਹਨ ਅਤੇ ਇਸ ਲਈ ਸੋਲਿਡਵੁੱਡ ਅਤੇ ਫਾਈਬਰ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੂਨ ਮਹੀਨੇ ਦੌਰਾਨ ਇਸ ਮਾਡਲ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਪ੍ਰਦਰਸ਼ਿਤ ਕੀਤਾ ਜਾਵੇਗਾ ਤਾਂ ਜੋ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਵੇਂ ਜੂਨ 1984 ਦੀਆਂ ਘਟਨਾਵਾਂ ਨੂੰ 42 ਸਾਲ ਬੀਤ ਚੁੱਕੇ ਹਨ, ਪਰ ਸਿੱਖ ਕੌਮ ਅੱਜ ਵੀ ਇਨਸਾਫ਼ ਦੀ ਉਡੀਕ ਕਰ ਰਹੀ ਹੈ। ਗੁਰਪ੍ਰੀਤ ਸਿੰਘ ਇਸ ਤੋਂ ਪਹਿਲਾਂ ਵੀ ਦਸਾਂ ਪਾਤਸ਼ਾਹੀਆਂ ਦੇ ਜਨਮ ਅਸਥਾਨਾਂ ਅਤੇ ਹੋਰ ਧਾਰਮਿਕ ਸਥਾਨਾਂ ਦੇ ਮਾਡਲ ਤਿਆਰ ਕਰ ਚੁੱਕੇ ਹਨ ਅਤੇ ਫਰਾਂਸ, ਸਪੇਨ, ਆਸਟ੍ਰੇਲੀਆ, ਜਰਮਨੀ, ਮਲੇਸ਼ੀਆ, ਸਿੰਗਾਪੁਰ ਅਤੇ ਫਿਲੀਪੀਨਜ਼ ਸਮੇਤ ਕਈ ਦੇਸ਼ਾਂ ਵਿੱਚ ਆਪਣੀ ਕਲਾ ਦੀ ਪ੍ਰਦਰਸ਼ਨੀ ਲਗਾ ਚੁੱਕੇ ਹਨ। ਉਨ੍ਹਾਂ ਨੂੰ ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਦੀਆਂ ਸਰਕਾਰਾਂ ਵੱਲੋਂ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਸਿਰਫ਼ ਇਹ ਹੈ ਕਿ ਸੰਗਤਾਂ ਅਤੇ ਖਾਸ ਕਰਕੇ ਨਵੀਂ ਪੀੜ੍ਹੀ ਆਪਣੇ ਇਤਿਹਾਸ ਨਾਲ ਜੁੜੀ ਰਹੇ ਅਤੇ ਉਸ ਨੂੰ ਸਮਝ ਸਕੇ।



## ਜਲੰਧਰ ਦੇ ਇੱਕ ਕਾਲਜ ਦੇ 3 ਕਸ਼ਮੀਰੀਆਂ ਨੂੰ 10 ਸਾਲ ਦੀ ਕੈਦ; ਹੋਸਟਲ ਚੋਂ ਏਕੇ47, ਕਾਰਤੂਸ ਅਤੇ ਗੋਲਾ ਬਾਰੂਦ ਹੋਇਆ ਸੀ ਬਰਾਮਦ

**ਮੁਹਾਲੀ/ਚੰਡੀਗੜ੍ਹ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਇੱਕ ਕਾਲਜ ਦੇ ਹੋਸਟਲ ਵਿੱਚ ਏਕੇ47 ਅਤੇ ਹੋਰ ਵਿਸਫੋਟਕ ਸਮਗਰੀ ਮਿਲਣ ਦੇ ਮਾਮਲੇ ਵਿੱਚ ਐਨਆਈਏ ਦੀ ਵਿਸ਼ੇਸ਼ ਅਦਾਲਤ ਵੱਲੋਂ ਅੱਜ ਕੌਮੀ ਜਾਂਚ ਏਜੰਸੀ (ਐਨਆਈਏ) ਵੱਲੋਂ ਨਾਮਜਦ ਕੀਤੇ ਗਏ ਜ਼ਾਹਿਦ ਗੁਲਜ਼ਾਰ, ਯਸ਼ੀਰ ਰਫੀਕ ਭੱਟ ਅਤੇ ਮੁਹੰਮਦ ਇਦਰੀਸ਼ ਸ਼ਾਹ ਨੂੰ ਆਈਪੀਸੀ ਦੀ ਧਾਰਾ 121- ਏ, 122, 120-ਬੀ, ਯੂਏ(ਪੀ) ਐਕਟ ਦੀ ਧਾਰਾ 18 ਅਤੇ 20, ਆਰਮਜ਼ ਐਕਟ, 1959 ਦੀ ਧਾਰਾ 25(ਏ- ਅਤੇ ਵਿਸਫੋਟਕ ਪਦਾਰਥ ਐਕਟ, 1908 ਦੀ ਧਾਰਾ 5 ਦੇ ਤਹਿਤ ਸਜ਼ਾਯੋਗ ਅਪਰਾਧ ਕਰਨ ਲਈ ਦੋਸ਼ੀ ਠਹਿਰ ਆਉਂਦੇ ਆ 10 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਲਾਂਕਿ, ਇਸਤਗਾਸਾ ਪੱਖ (ਐਨਆਈਏ) ਮੁਲਜਮ ਸੁਹੈਲ ਅਹਿਮਦ ਭੱਟ ਦੇ ਖਿਲਾਫ ਦੋਸ਼ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ ਅਤੇ ਇਸ ਤਰ੍ਹਾਂ, ਉਸ ਨੂੰ ਸਾਰੇ ਦੋਸ਼ਾਂ ਤੋਂ ਦੋ ਮਈ ਨੂੰ ਬਰੀ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਜਲੰਧਰ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਸ ਇਲਾਕੇ ਦੇ ਇੱਕ ਇੰਸਟੀਚਿਊਟ ਦੇ ਹੋਸਟਲ ਦੇ ਕਮਰਿਆਂ ਨੰਬਰ 94 ਵਿੱਚ ਗੁਲਜਾਰ, ਰਫੀਕ ਅਤੇ ਇਦਰਿਸ਼ ਮੌਜੂਦ ਹਨ ਅਤੇ ਉਹਨਾਂ ਦੇ ਕੋਲ ਹਥਿਆਰ ਅਤੇ ਗੋਲਾ ਬਰੂਦ ਮੌਜੂਦ ਹੈ, ਜੋ ਕਿ ਦੇਸ਼ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਯੋਜਨਾ ਬਣਾ ਰਹੇ ਹਨ। ਪੁਲਿਸ ਨੇ ਉਕਤ ਹੋਸਟਲ ਦੇ ਕਮਰੇ ਵਿੱਚ ਦਬਿਸ਼ ਦਿੱਤੀ ਅਤੇ ਪੁਲਿਸ ਨੂੰ ਏਕੇ47, ਕਈ ਕਾਰਤੂਸ, ਮੈਗਜ਼ੀਨ, ਪਿਸਟਲ ਅਤੇ ਇਕ ਕਿਲੋ ਧਮਾਕਾ ਖੇਜ ਸਮੱਗਰੀ ਬਰਾਮਦ ਹੋਈ ਸੀ। ਉਕਤ ਮੁਲਜਮ ਅੱਤਵਾਦੀ ਗਿਰੋਹ ਅੰਸਾਰ ਗਜਾਵਤ ਉਲ ਹਿੰਦ ਨਾਲ ਜੁੜੇ ਹੋਏ ਹਨ ਅਤੇ ਕਾਲਜ ਦੇ ਹੋਰਨਾਂ ਵਿਦਿਆਰਥੀਆਂ ਨੂੰ ਅੱਤਵਾਦੀ ਗਰੋਹ ਵਿੱਚ ਸ਼ਾਮਿਲ ਕਰਨ ਲਈ ਲੱਗੇ ਹੋਏ ਹਨ ਤਾਂ ਜੋ ਪੰਜਾਬ ਸਟੇਟ ਵਿੱਚ ਗੈਰ ਕਾਨੂੰਨੀ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾ ਸਕੇ।

## ਭਾਜਪਾ ਆਗੂ ’ਤੇ ਹੋਈ ਫਾਇਰਿੰਗ !

ਬੀਤੀ ਦੇਰ ਰਾਤ ਭਾਜਪਾ ਦੇ ਜ਼ਿਲ੍ਹਾ ਟਰੇਡ ਸੈਲ ਦੇ ਕਨਵੀਨਰ ਤੇ ਹਲਕਾ ਬਾਬਾ ਨਾਨਕ ਤੋਂ ਬੀਜੇਪੀ ਪਾਰਟੀ ਦੇ ਸੀਨੀਅਰ ਆਗੂ ਵਿਜੇ ਕੁਮਾਰ ਸੋਨੀ ਮੋਹਲੋਵਾਲੀ’ਤੇ ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਉਨ੍ਹਾਂ ਦੇ ਪੈਟਰੋਲ ਪੰਪ ਤੇ ਲੱਗੇ ਸੀਸੀਟੀਵੀ ਕੈਮਰਿਆਂ ਚ ਕੈਦ ਹੋਈ ਹੈ। ਉਧਰ ਘਟਨਾ ਦੀ ਸੂਚਨਾ ਮਿਲਦਿਆਂ ਹੀ ਮੌਕੇ ’ਤੇ ਪਹੁੰਚੀ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ’ਤੇ ਵਿਜੈ ਸੋਨੀ ਨੇ ਦੱਸਿਆ ਕਿ ਰਾਤ ਕਰੀਬ 9.40 ਵਜੇ ਜਦੋਂ ਉਹ ਆਪਣੇ ਪੈਟਰੋਲ ਪੰਪ ਕੋਟਲੀ ਸੂਰਤ ਮੱਲੀ ਤੋਂ ਆਪਣੀ ਕਾਰ ’ਤੇ ਸਵਾਰ ਹੋ ਕੇ ਆਪਣੇ ਘਰ ਨੂੰ ਜਾ ਰਹੇ ਸੀ ਤਾਂ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਵਲੋਂ ਉਨ੍ਹਾਂ ’ਤੇ ਗੋਲੀਆਂ ਚਲਾ ਦਿੱਤੀਆਂ ਗਈਆਂ। ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ।


ਲੜੀਵਾਰ
ਗੁਰਬਾਣੀ
ਕਥਾ ਵਿਚਾਰ
ਗੁਰਦੁਆਰਾ ਸ਼ੀਸ਼ਗੰਜ ਸਾਹਿਬ
6 ਜੂਨ 2026 ਨੂੰ ਸ਼ਨੀਵਾਰ
ਸਵੇਰੇ 7:30 ਤੋਂ 8:30 ਵਜੇ ਤੱਕ
Live on PTC SIMRAN
ਗੁਰਦੁਆਰਾ ਬੰਗਲਾ ਸਾਹਿਬ
7 ਜੂਨ 2026 ਨੂੰ ਐਤਵਾਰ
ਸਵੇਰੇ 7:30 ਤੋਂ 8:30 ਵਜੇ ਤੱਕ
Live on CHARDIKLA TIME TV
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ
ਸੰਪਰਕ ਨੰ.:
9356060960, 9814015740
ਆਵਾਜ਼ਿ ਕੌਮ AWAZE QAUM
International Newspaper & WEB TV
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਪੜ੍ਹੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੌ ਜਾਂ ਅਗਲੌ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

ਗੁਰਮਤਿ ਸਮਾਗਮ

1 ਨਵੰਬਰ 2026, ਦਿਨ ਐਤਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਐਤਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141–27470
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408–35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ
ਸੰਪਰਕ ਨੰਬਰ
84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਘੱਲੂਘਾਰਾ ਜੂਨ 1984 ਨੂੰ

## 5, 6, 7 ਜੂਨ ਨੂੰ ਭਾਰੀ ਦੀਵਾਨ ਸਜਣਗੇ



☛ ਸ਼ਹੀਦੀ ਦਿਹਾੜਾ ਦਮਦਮੀ ਟਕਸਾਲ ਦੇ 14 ਵੇਂ ਮੁਖੀ ਸਿੱਖ ਕੌਮ ਜਰਨੈਲ ਸ੍ਰੀਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਨਾਲ ਦੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਭੁਝੰਗੀਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਨੂਰ

• ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ 10 : 30 ਵਜੇ ਹੋਵੇਗੀ 5 ਜੂਨ ਨੂੰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ। • ਸ਼ਨਿੱਚਰਵਾਰ 6 ਜੂਨ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 7 ਜੂਨ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਪਹਿਲਾਂ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਸ੍ਰੀ ਅਖੰਡ ਪਾਠ ਸਾਹਿਬ ਦੇ 10:30 ਪੈਣਗੇ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਸੁਖਜਿੰਦਰ ਸਿੰਘ ਜੀ ਨੂਰ ਢਾਡੀ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

• ਤਰਾਂ ਤਰਾਂ ਦੇ ਸਟਾਲ ਵੀ ਲੱਗਣਗੇ • ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾ ਨੂੰ ਕੋਟਿਨ-ਕੋਟਿ ਪ੍ਰਣਾਮ

**ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ**

ਮੁਖੀ ਦਮਦਮੀ ਟਕਸਾਲ ਦੀ ਰਹਿਨਮਾਈ ਹੇਠ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ

**42 ਵੀਂ ਸ਼ਹੀਦੀ ਵਰ੍ਹੇਗੰਢ ਮੌਕੇ 6 ਜੂਨ ਨੂੰ ਪਿੰਡ ਮਹਿਤਾ**

ਵਿਖੇ ਹੋ ਰਹੇ ਸ਼ਹੀਦੀ ਜੋੜ ਮੇਲੇ ‘ਚ ਸਮੂਹ ਸੰਗਤਾਂ ਵੱਧ ਚੜ੍ਹ ਕੇ ਹਾਜ਼ਰੀ ਭਰਨੀ ਜੀ।

**ਸਮੂਹ ਸੰਗਤਾਂ ਨੂੰ ਜੀ ਆਇਆ ਨੂੰ ਆਖਦੇ ਹਾਂ।**



ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ)



ਪ੍ਰਿੰ:ਗੁਰਦੀਪ ਸਿੰਘ ਰੰਧਾਵਾ
ਚੇਅਰਮੈਨ



ਸ੍ਰ:ਹਰਸ਼ਦੀਪ ਸਿੰਘ ਰੰਧਾਵਾ
ਚੀਫ ਐਗਜ਼ੀਕਿਊਟਿਵ

**ਵੱਲੋਂ:-ਦਸ਼ਮੇਸ਼ ਵਿਦਿਅਕ ਸੰਸਥਾਵਾਂ,ਮਹਿਤਾ ਚੌਂਕ (ਅੰਮ੍ਰਿਤਸਰ)**

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿ: ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ
ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਜਨਰਲ ਸੁਬੇਗ ਸਿੰਘ ਅਤੇ
**ਤੀਸਰੇ ਘੱਲੂਘਾਰੇ** ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ







## 42ਵਾਂ ਸ਼ਹੀਦੀ ਸਮਾਗਮ

## ਸ਼ਨੀਵਾਰ, 6 ਜੂਨ 2026

**ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹੈੱਡ ਕੁਆਟਰ ਦਮਦਮੀ ਟਕਸਾਲ**

ਮਹਿਤਾ (ਅੰਮ੍ਰਿਤਸਰ) ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

ਗੁਰੂ ਪੰਥ ਦਾ ਦਾਸ: ਗਿ: ਹਰਨਾਮ ਸਿੰਘ ਖਾਲਸਾ, ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ
ਅਤੇ ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ। ਸੰਪਰਕ: 99158-00904, 97793-10040, 70092-90752, 98726-08626



# ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ।
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਵਿੱਚ ਹੋ ਰਹੇ 42ਵੇਂ ਸ਼ਹੀਦੀ ਜੋੜ ਮੇਲੇ 'ਚ ਸਮੂਹ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨ ਜੀ।

## --✶ ਗੁਰੂ ਪੰਥ ਦੇ ਸੇਵਾਦਾਰ ✶--



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ



ਸ. ਗੁਰਦੀਪ ਸਿੰਘ ਰੰਧਾਵਾ
ਚੇਅਰਮੈਨ



ਸ. ਹਰਸ਼ਦੀਪ ਸਿੰਘ ਰੰਧਾਵਾ
ਚੀਫ ਐਗਜ਼ੀਕਿਊਟਿਵ

# ਵੱਲੋਂ : ਦਸਮੇਸ਼ ਵਿੱਦਿਅਕ ਸੰਸਥਾਵਾਂ, ਮਹਿਤਾ ਚੌਂਕ



# ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ।

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਵਿੱਚ ਹੋ ਰਹੇ 42ਵੇਂ ਸ਼ਹੀਦੀ ਜੋੜ ਮੇਲੇ 'ਚ ਸਮੂਹ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨ ਜੀ।



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ



ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂੱਹੀ ਚੰਨਣਕੇ



ਡਾਇਰੈਕਟਰ ਕੁਲਜੀਤ ਸਿੰਘ ਬਾਠ ਮੁੱਖੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂੱਹੀ ਚੰਨਣਕੇ

## ਸ਼ਹੀਦੀ ਜੋੜ ਮੇਲੇ 'ਚ ਸਮੂਹ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨ ਜੀ



ਚੇਅਰਮੈਨ ਮੈਡਮ ਕੁਲਵੰਤ ਕੌਰ ਬਾਠ ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਅੱਡਾ ਨਾਥ ਦੀ ਖੂੱਹੀ ਚੰਨਣਕੇ

# ਵੱਲੋਂ : ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂੱਹੀ ਚੰਨਣਕੇ



# ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ



ਗੁਰਦੁਆਰਾ ਭਗਤਾ ਦਾ ਡੇਰਾ ਤਰਸਿੱਕਾ



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ

## ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ।



ਸੱਚਖੰਡ ਵਾਸੀ ਸੰਤ ਬਾਬਾ ਭਗਤ ਪ੍ਰੀਤਮ ਸਿੰਘ ਜੀ ਤਰਸਿੱਕਾ

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਵਿੱਚ ਹੋ ਰਹੇ 42ਵੇਂ ਸ਼ਹੀਦੀ ਜੋੜ ਮੇਲੇ 'ਚ ਸਮੂਹ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨ।



ਗੁਰਦੁਆਰਾ ਭਗਤਾ ਦਾ ਡੇਰਾ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ ਵਾਲੇ

# ਵੱਲੋਂ : ਗੁਰਦੁਆਰਾ ਭਗਤਾ ਦਾ ਡੇਰਾ ਤਰਸਿੱਕਾ

ਸੰਤ ਗਿਆਨੀ ਹਰਨਾਮ ਸਿੰਘ ਜ਼ੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ

ਪ੍ਰਧਾਨ ਸੰਤ ਸਮਾਜ਼

ਜੀ ਦੀ ਰਹਿਨੁਮਾਈ ਹੇਠ ਚੱਲ ਰਹੀਆਂ ਖਾਲਸਾ ਵਿੱਦਿਆਕ ਸੰਸਥਾਵਾਂ
ਮਹਿਤਾ ਚੌਂਕ (ਅੰਮ੍ਰਿਤਸਰ)



ਸੰਤ ਗਿਆਨੀ ਹਰਨਾਮ ਸਿੰਘ ਜੀ
ਖਾਲਸਾ ਭਿੰਡਰਾਂਵਾਲੇ
ਮੁੱਖੀ ਦਮਦਮੀ ਟਕਸਾਲ
(ਪ੍ਰਧਾਨ ਸੰਤ ਸਮਾਜ)

ਖਾਲਸਾ ਇੰਟਰਨੈਸ਼ਨਲ ਸਕੂਲ
(ਪ੍ਰੀ ਨਰਸਰੀ ਤੋਂ 12ਵੀਂ ਤੱਕ)
Affiliated with WACI (Western Australian Board)
International Curriculum
First Time & First School in this Area
ਦਾਖਲਾ ਸ਼ੁਰੂ

Fully AC Hostel
Hostel Facility for Class Nur to 12th
ਦਾਖਲਾ ਸ਼ੁਰੂ

ਖਾਲਸਾ ਅਕੈਡਮੀ ਪ੍ਰੀ ਨਰਸਰੀ ਤੋਂ +2 (ਮੈਡੀਕਲ, ਨਾਨ-ਮੈਡੀਕਲ, ਆਰਟਸ, ਕਾਮਰਸ) ਐਫੀ: ਸੀ.ਬੀ.ਐਸ.ਈ. ਨਵੀਂ ਦਿੱਲੀ।
(World Class Residential School)
ਦਾਖਲਾ ਸ਼ੁਰੂ

ਖਾਲਸਾਈ ਵਾਤਾਵਰਣ | ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ | ਆਧੁਨਿਕ ਸੁਵਿਧਾਵਾਂ | ਤਜ਼ਰਬੇਕਾਰ ਅਧਿਆਪਕ | ਸੁਰੱਖਿਅਤ ਅਤੇ ਸੁਚੱਜਾ ਹੋਸਟਲ

ਸੰਪਰਕ ਨੰਬਰ: 99155-85685, 70092-91348


# .ਫਲਸਤੀਨ ਗਜ਼ਾ ਵਲੋਂ ਹੋਂਦ ਦੀ ਲੜਾਈ, ਮਰ ਰਹੇ ਕੌਮਾਂਤਰੀ ਕਾਨੂੰਨ

(ਲੜੀ ਜੋੜਨ ਲਈ ਕੱਲ੍ਹ ਵਾਲਾ ਅੰਕ ਦੇਖੋ)

ਗਜ਼ਾ ਦੀ ਇਸ ਬੇਅੰਤ ਤਬਾਹੀ ਨੂੰ ਸਿਰਫ਼ ਮਲਬੇ, ਮੌਤਾਂ ਦੇ ਅੰਕੜਿਆਂ ਅਤੇ ਧਮਾਕਿਆਂ ਦੀ ਗਿਣਤੀ ਨਾਲ ਕਦੇ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਅਸਲ ਵਿੱਚ ਇੱਕ ਪੂਰੀ ਜਿਊਂਦੀ ਕੌਮ ਦੀ ਮਨੋਵਿਗਿਆਨਕ ਅਤੇ ਸਭਿਆਚਾਰਕ ਯਾਦਾਸ਼ਤ ਉੱਤੇ ਕੀਤਾ ਗਿਆ ਇੱਕ ਯੋਜਨਾਬੱਧ ਹਮਲਾ ਸੀ। ਜਦੋਂ ਕਿਸੇ ਸਮਾਜ ਦੇ ਸਕੂਲ ਤਬਾਹ ਹੁੰਦੇ ਹਨ, ਇਤਿਹਾਸਕ ਲਾਇਬ੍ਰੇਰੀਆਂ ਸਾੜ ਦਿੱਤੀਆਂ ਜਾਂਦੀਆਂ ਹਨ, ਯੂਨੀਵਰਸਿਟੀਆਂ ਨਾਮੋ-ਨਿਸ਼ਾਨ ਤੋਂ ਮਿਟਾਈਆਂ ਜਾਂਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਹੀ ਪੁਰਖਿਆਂ ਦੇ ਘਰਾਂ ਤੋਂ ਹਮੇਸ਼ਾ ਲਈ ਬੇਦਖ਼ਲ ਕਰ ਦਿੱਤੀਆਂ ਜਾਂਦੀਆਂ ਹਨ, ਉਦੋਂ ਸਿਰਫ਼ ਇੱਟਾਂ-ਗਾਰੇ ਦੀਆਂ ਇਮਾਰਤਾਂ ਨਹੀਂ ਡਿੱਗਦੀਆਂ, ਸਗੋਂ ਉਸ ਸਮਾਜ ਦੀ ਸਾਂਝੀ ਇਤਿਹਾਸਕ ਯਾਦ, ਉਸ ਦੀ ਮੂਲ ਪਛਾਣ ਅਤੇ ਉਸ ਦਾ ਭਵਿੱਖ ਵੀ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਮੁਤਾਬਕ, ਗਜ਼ਾ ਖੇਤਰ ਵਿੱਚ ਲੱਖਾਂ ਮਾਸੂਮ ਬੱਚੇ ਗੰਭੀਰ ਮਾਨਸਿਕ ਸਦਮੇ, ਅੰਨ੍ਹੇ ਡਰ, ਨੀਂਦ ਦੀ ਕਮੀ ਅਤੇ ਸਥਾਈ ਜੰਗੀ ਤਣਾਅ ਨਾਲ ਜੂਝ ਰਹੇ ਹਨ। ਮਾਨਸਿਕ ਸਿਹਤ ਦੇ ਮਾਹਿਰਾਂ ਅਤੇ ਮਨੋਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗਜ਼ਾ ਦੀ ਪੂਰੀ ਇੱਕ ਨਵੀਂ ਪੀੜ੍ਹੀ ਨੂੰ ਇੱਕ "ਸਥਾਈ ਜੰਗੀ ਮਨੋਦਸ਼ਾ" ਦੇ ਅੰਧਕਾਰ ਵਿੱਚ ਧੱਕਿਆ ਜਾ ਰਿਹਾ ਹੈ। ਮਹਾਨ .ਫਲਸਤੀਨੀ ਕਵੀ ਮਹਿਮੂਦ ਦਰਵੇਸ਼ ਨੇ ਕਦੇ ਬਹੁਤ ਦਰਦ ਨਾਲ ਲਿਖਿਆ ਸੀ ਕਿ "ਜਦੋਂ ਕਿਸੇ ਕੌਮ ਤੋਂ ਉਸ ਦੀ ਧਰਤੀ ਖੋਹ ਲਈ ਜਾਂਦੀ ਹੈ, ਉਦੋਂ ਉਹ ਸਭ ਤੋਂ ਪਹਿਲਾਂ ਆਪਣੀਆਂ ਯਾਦਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।" ਪਰ ਗਜ਼ਾ ਵਿੱਚ ਅੱਜ ਇਹ ਯਾਦਾਂ ਵੀ ਹੌਲੀ-ਹੌਲੀ ਬੰਬਾਂ ਦੇ ਮਲਬੇ ਹੇਠ ਦੱਬਦੀਆਂ ਨਜ਼ਰ ਆ ਰਹੀਆਂ ਹਨ। ਇਸ ਲਈ ਇਹ ਜੰਗ ਸਿਰਫ਼ ਭੂਗੋਲ ਦੀ ਜਾਂ ਹੱਦ ਸਰਹੱਦ ਦੀ ਨਹੀਂ ਸੀ, ਸਗੋਂ ਇਹ ਇਤਿਹਾਸ, ਸਭਿਆਚਾਰ ਅਤੇ ਇੱਕ ਕੌਮ ਦੀ ਸਮੂਹਿਕ ਚੇਤਨਾ ਨੂੰ ਜੜ੍ਹੋਂ ਮਿਟਾਉਣ ਦੀ ਜੰਗ ਬਣ ਗਈ ਸੀ। ਅੱਜ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਨਹੀਂ ਹੈ ਕਿ ਗਜ਼ਾ ਖੇਤਰ ਵਿੱਚ ਕੀ-ਕੀ ਭਿਆਨਕ ਹਾਦਸੇ ਹੋਏ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੁਨੀਆ ਦੀ ਸਾਰੀ ਮਨੁੱਖਤਾ ਨੇ ਇਸ ਭਿਆਨਕ ਕਾਂਡ ਨੂੰ ਆਪਣੀਆਂ ਅੱਖਾਂ ਸਾਹਮਣੇ ਹੋਣ ਕਿਉਂ ਦਿੱਤਾ? ਜੇਕਰ ਸੰਸਾਰ ਦੀ ਸਭ ਤੋਂ ਉੱਚੀ ਅੰਤਰਰਾਸ਼ਟਰੀ ਅਦਾਲਤ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਤੋਂ ਇਸਰਾਇਲ ਨੂੰ ਹਥਿਆਰਾਂ ਦੀ ਸਪਲਾਈ ਬੇਰੋਕ ਜਾਂਦੀ ਰਹੀ ਤਾਂ ਫਿਰ ਇਸ ਅੰਤਰਰਾਸ਼ਟਰੀ ਕਾਨੂੰਨ ਦੀ ਅਸਲੀ ਤਾਕਤ ਅਤੇ ਹੋਂਦ ਕੀ ਹੈ? ਜੇ "ਨਸਲਕੁਸ਼ੀ ਦੇ ਪ੍ਰਤੱਖ ਸੰਭਾਵੀ ਖ਼ਤਰੇ" ਦੇ ਬਾਵਜੂਦ ਸ਼ਕਤੀਸ਼ਾਲੀ ਸਰਕਾਰਾਂ ਆਪਣਾ ਜੰਗੀ ਵਪਾਰ ਜਾਰੀ ਰੱਖਦੀਆਂ ਹਨ, ਤਾਂ ਕੀ ਸੰਯੁਕਤ ਰਾਸ਼ਟਰ (”©) ਸਿਰਫ਼ ਇੱਕ ਕਾਗਜ਼ੀ ਅਤੇ ਦੰਦ-ਹੀਣ ਸੰਸਥਾ ਬਣ ਕੇ ਰਹਿ ਗਿਆ ਹੈ? ਜੇ ਮਨੁੱਖੀ ਅਧਿਕਾਰਾਂ ਦੇ ਨਿਯਮ ਸਿਰਫ਼ ਗਰੀਬ ਅਤੇ ਕਮਜ਼ੋਰ ਦੇਸ਼ਾਂ 'ਤੇ ਹੀ ਜ਼ਬਰਦਸਤੀ ਲਾਗੂ ਹੁੰਦੇ ਹਨ ਅਤੇ ਤਾਕਤਵਰ ਦੇਸ਼ਾਂ ਜਾਂ ਉਨ੍ਹਾਂ ਦੇ ਚਹੇਤੇ ਸਾਥੀਆਂ 'ਤੇ ਨਹੀਂ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਦੁਨੀਆ ਇੱਕ ਵਾਰ ਫਿਰ ਇੱਕ ਨਵੇਂ ਕਿਸਮ ਦੇ ਉਪਨਿਵੇਸ਼ੀ ਕਾਨੂੰਨ ਵੱਲ ਤੇਜ਼ੀ ਨਾਲ ਵੱਧ ਰਹੀ ਹੈ? ਇਕ ਵਾਰ ਲੰਡਨ ਵਿਖੇ ਸਥਿਤ ਵਿਸ਼ਵ-ਪ੍ਰਸਿੱਧ ਸੰਸਥਾ 'ਲੰਡਨ ਸਕੂਲ ਆਫ਼ ਇਕਨਾਮਿਕਸ' ਦੇ ਅੰਤਰਰਾਸ਼ਟਰੀ ਕਾਨੂੰਨ ਦੇ ਉੱਘੇ ਵਿਦਵਾਨ ਸਟੀਫ਼ਨ ਹਮਫ਼ਰੀਜ਼ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਬਹੁਤ ਵੱਡਾ ਗੰਭੀਰ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸਰਾਇਲ ਨੂੰ ਇਸ ਨਸਲਕੁਸ਼ੀ ਦੇ ਦੌਰਾਨ ਹਥਿਆਰ ਦੇਣ ਵਾਲੇ ਸਾਰੇ ਦੇਸ਼ "ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਜੰਗੀ ਅਪਰਾਧਾਂ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਵਿੱਚ ਉਸ ਦੇ ਸਿੱਧੇ ਸਹਿ-ਦੋਸ਼ੀ ਬਣਦੇ ਹਨ। ਇਹ ਬਹੁਤ ਵੱਡਾ ਅਤੇ ਇਤਿਹਾਸਕ ਦੋਸ਼ ਹੈ, ਜੋ ਸਿਰਫ਼ ਇਕੱਲੇ ਇਸਰਾਇਲ ਉੱਤੇ ਨਹੀਂ, ਬਲਕਿ ਅੱਜ ਦੀ ਪੂਰੀ ਗਲੋਬਲ ਰਾਜਨੀਤਿਕ ਪ੍ਰਣਾਲੀ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਵੀ ਹੈ। ਪਰ ਇਸ ਘੋਰ ਜੰਗੀ ਹਨੇਰੇ ਅਤੇ ਨਿਰਾਸ਼ਾ ਦੇ ਵਿਚਕਾਰ ਇੱਕ ਉਮੀਦ ਦੀ ਕਿਰਨ ਵਾਲੀ ਤਸਵੀਰ ਵੀ ਦੇਖਣ ਨੂੰ ਮਿਲੀ। ਲੰਡਨ, ਨਿਊਯਾਰਕ, ਟੋਰਾਂਟੋ, ਪੈਰਿਸ, ਇਸਤਾਂਬੁਲ, ਮੈਡਰਿਡ ਅਤੇ ਦਿੱਲੀ ਤੱਕ, ਦੁਨੀਆ ਭਰ ਦੇ ਕੋਨੇ-ਕੋਨੇ ਵਿੱਚ ਲੱਖਾਂ ਆਮ ਲੋਕ ਇਸ ਜ਼ੁਲਮ ਦੇ ਰੋਸ ਵਜੋਂ ਸਵੈ-ਇੱਛਾ ਨਾਲ ਸੜਕਾਂ 'ਤੇ ਨਿਕਲੇ। ਬਹਾਦਰ ਵਿਦਿਆਰਥੀਆਂ ਨੇ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਦੇ ਕੈਂਪਸ ਘੇਰੇ ਅਤੇ ਉੱਥੇ ਧਰਨੇ ਦਿੱਤੇ। ਵੱਖ-ਵੱਖ ਬੰਦਰਗਾਹਾਂ ਦੇ ਡਾਕ ਵਰਕਰਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਇਸਰਾਇਲ ਜਾਣ ਵਾਲੇ ਜੰਗੀ ਜਹਾਜ਼ਾਂ ਨੂੰ ਲੋਡ ਕਰਨ ਤੋਂ ਸਾਫ਼ ਮਨਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਕਈ ਨਿਰਪੱਖ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਆਪਣੀਆਂ ਹੀ ਸਰਕਾਰਾਂ ਦੇ ਖ਼ਿਲਾਫ਼ ਅਦਾਲਤਾਂ ਵਿੱਚ ਕੇਸ ਦਰਜ ਕੀਤੇ। ਇਹ ਸਭ ਕੁਝ ਸਾਬਤ ਕਰਦਾ ਹੈ ਕਿ ਦੁਨੀਆ ਦੀਆਂ ਸਵਾਰਥੀ ਸਰਕਾਰਾਂ ਅਤੇ ਦੁਨੀਆ ਦੇ ਆਮ ਲੋਕ ਹਮੇਸ਼ਾਂ ਇੱਕੋ ਜਿਹੇ ਨਹੀਂ ਹੁੰਦੇ। ਆਮ ਮਨੁੱਖ ਦੇ ਅੰਦਰ ਅਜੇ ਵੀ ਇਨਸਾਨੀਅਤ ਜ਼ਿੰਦਾ ਹੈ। ਹੁਣ ਇਸਰਾਇਲ ਬਨਾਮ .ਫਲਸਤੀਨ-ਗਜ਼ਾ ਦੀ ਇਹ ਲੜਾਈ ਸਿਰਫ਼ .ਫਲਸਤੀਨ ਦੀ ਇੱਕ ਸਥਾਨਕ ਭੂਗੋਲਿਕ ਲੜਾਈ ਨਹੀਂ ਰਹਿ ਗਈ ਹੈ। ਇਹ ਅਸਲ ਵਿੱਚ ਸਮੁੱਚੀ ਵਿਸ਼ਵ ਨੈਤਿਕਤਾ ਅੰਤਰਰਾਸ਼ਟਰੀ ਕਾਨੂੰਨ ਦੀ ਹੋਂਦ, ਮੁੱਖ ਧਾਰਾ ਦੇ ਮੀਡੀਆ ਦੀ ਭੂਮਿਕਾ, ਕਾਰਪੋਰੇਟ ਜੰਗੀ ਉਦਯੋਗ ਦੇ ਨੈੱਟਵਰਕ ਅਤੇ ਸਮੁੱਚੀ ਮਨੁੱਖੀ ਜ਼ਮੀਰ ਦੀ ਸਭ ਤੋਂ ਵੱਡੀ ਅੰਤਿਮ ਕਸੌਟੀ ਬਣ ਚੁੱਕੀ ਹੈ। ਇਹ ਬਿਨਾਂ ਕਿਸੇ ਝਿਜਕ ਦੇ ਮੰਨਣਾ ਪਵੇਗਾ ਕਿ ਗਜ਼ਾ ਖੇਤਰ ਅੱਜ ਸਿਰਫ਼ ਨਕਸ਼ੇ 'ਤੇ ਇੱਕ ਜਗ੍ਹਾ ਦਾ ਨਾਮ ਨਹੀਂ ਹੈ, ਬਲਕਿ ਇਹ ਅੱਜ ਦੀ ਦੁਨੀਆ ਦਾ ਇੱਕ ਨਿਸ਼ਫਲ ਸ਼ੀਸ਼ਾ ਹੈ। ਗਜ਼ਾ ਦੀ ਸਵਾਹ ਵਿੱਚ ਸਿਰਫ਼ .ਫਲਸਤੀਨੀਆਂ ਦੇ ਬੇਸ਼ੁਮਾਰ ਘਰ ਨਹੀਂ ਸੜੇ, ਬਲਕਿ ਉਸ ਸਵਾਹ ਵਿੱਚ ਪੱਛਮ ਦੇ ਅੰਤਰਰਾਸ਼ਟਰੀ ਕਾਨੂੰਨ ਦੀ ਰਹੀ-ਸਹੀ ਭਰੋਸੇਯੋਗਤਾ ਵੀ ਪੂਰੀ ਤਰ੍ਹਾਂ ਸੜ ਕੇ ਕੋਲਾ ਹੋ ਚੁੱਕੀ ਹੈ। ਉੱਥੇ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵਿਆਂ ਦੀ ਖੋਖਲੀ ਨੈਤਿਕਤਾ ਵੀ ਸੜ ਚੁੱਕੀ ਹੈ। ਗਜ਼ਾ ਦੀ ਜੰਗ ਵਿੱਚ ਉਹ ਸਾਰੀ ਆਧੁਨਿਕ ਵਿਸ਼ਵ ਵਿਵਸਥਾ ਪੂਰੀ ਤਰ੍ਹਾਂ ਨੰਗੀ ਹੋ ਗਈ ਹੈ, ਜੋ ਮੰਚਾਂ ਤੋਂ "ਕਾਨੂੰਨ ਅਤੇ ਸ਼ਾਂਤੀ" ਦੀ ਗੱਲ ਤਾਂ ਬਹੁਤ ਉੱਚੀ ਆਵਾਜ਼ ਵਿੱਚ ਕਰਦੀ ਹੈ, ਪਰ ਅਰਬਾਂ ਡਾਲਰਾਂ ਦੇ ਹਥਿਆਰਾਂ ਦੇ ਵਪਾਰ ਅਤੇ ਮੁਨਾਫ਼ੇ ਅੱਗੇ ਗੋਡੇ ਟੇਕ ਕੇ ਚੁੱਪ ਹੋ ਜਾਂਦੀ ਹੈ। ਗਜ਼ਾ ਅੱਜ ਉਹ ਇਤਿਹਾਸਕ ਸ਼ੀਸ਼ਾ ਹੈ, ਜਿਸ ਵਿੱਚ ਦੁਨੀਆ ਦੀਆਂ ਸਰਕਾਰਾਂ ਜੇ ਚਾਹੁਣ ਤਾਂ ਆਪਣਾ ਅਸਲੀ ਕਰੂਰ ਅਤੇ ਦੋਹਰਾ ਚਿਹਰਾ ਸਾਫ਼ ਵੇਖ ਸਕਦੀਆਂ ਹਨ। ਇਸਰਾਇਲ ਬਨਾਮ .ਫਲਸਤੀਨ-ਗਜ਼ਾ ਦੀ ਇਸ ਜੰਗ ਨੇ ਸੰਯੁਕਤ ਰਾਸ਼ਟਰ ਪ੍ਰਣਾਲੀ ਅਤੇ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬਣੇ ਸਮੁੱਚੇ ਗਲੋਬਲ ਕਾਨੂੰਨੀ ਢਾਂਚੇ ਦੀਆਂ ਸੀਮਾਵਾਂ ਅਤੇ ਨਾਕਾਮੀਆਂ ਨੂੰ ਪੂਰੀ ਤਰ੍ਹਾਂ ਜਨਤਕ ਤੌਰ 'ਤੇ ਬੇਨਕਾਬ ਕਰ ਦਿੱਤਾ ਹੈ। ਸਾਲ 1945 ਤੋਂ ਬਾਅਦ ਸੰਸਾਰ ਦੇ ਆਮ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਹੁਣ ਦੁਨੀਆ ਵਿੱਚ "ਕਦੇ ਵੀ ਨਸਲਕੁਸ਼ੀ ਨਹੀਂ ਹੋਣ ਦਿੱਤੀ ਜਾਵੇਗੀ।" ਪਰ ਰਵਾਂਡਾ ਦੇਸ਼ ਵਿਚਲੀ ਭਿਆਨਕ ਨਸਲਕੁਸ਼ੀ ਤੋਂ ਲੈ ਕੇ ਬੋਸਨੀਆ ਦੀ ਨਸਲਕੁਸ਼ੀ ਅਤੇ ਹੁਣ ਗਜ਼ਾ ਦੇ ਇਸ ਮਹਾਂ-ਕਤਲੇਆਮ ਤੱਕ, ਇਤਿਹਾਸ ਨੇ ਵਾਰ-ਵਾਰ ਇਹ ਕੌੜਾ ਸੱਚ ਦਿਖਾਇਆ ਹੈ ਕਿ ਜਦੋਂ ਵੀ ਸੰਸਾਰ ਦੀਆਂ ਮਹਾਂਸ਼ਕਤੀਆਂ ਦੇ ਨਿੱਜੀ ਰਣਨੀਤਕ ਅਤੇ ਆਰਥਿਕ ਹਿੱਤ ਦਾਅ 'ਤੇ ਲੱਗੇ ਹੋਣ, ਤਾਂ ਅੰਤਰਰਾਸ਼ਟਰੀ ਕਾਨੂੰਨ ਅਕਸਰ ਇੱਕ ਬੇਬਸ ਖਿਡੌਣਾ ਬਣ ਕੇ ਰਹਿ ਜਾਂਦਾ ਹੈ। ਅਮਰੀਕਾ ਨੇ ਵਾਰ-ਵਾਰ ਆਪਣੀ ਅੰਨ੍ਹੀ ਤਾਕਤ ਦਾ ਪ੍ਰਦਰਸ਼ਨ ਕਰਦੇ ਹੋਏ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਗਜ਼ਾ ਜੰਗਬੰਦੀ ਨਾਲ ਜੁੜੇ ਹਰ ਇੱਕ ਮਹੱਤਵਪੂਰਨ ਪ੍ਰਸਤਾਵ ਉੱਤੇ ਬਿਨਾਂ ਕਿਸੇ ਸ਼ਰਮ ਦੇ ਆਪਣੀ 'ਵੀਟੋ ਪਾਵਰ' ਦੀ ਵਰਤੋਂ ਕੀਤੀ ਹੈ। ਇਸ ਪੱਖਪਾਤੀ ਰੁਖ਼ ਨਾਲ ਇਹ ਵੀ ਬਿਲਕੁਲ ਸਪਸ਼ਟ ਹੋ ਗਿਆ ਕਿ ਮੌਜੂਦਾ ਵਿਸ਼ਵ ਵਿਵਸਥਾ ਵਿੱਚ ਇਨਸਾਫ਼ ਦਾ ਮਾਪਦੰਡ ਸਭ ਲਈ ਇੱਕੋ ਜਿਹਾ ਬਿਲਕੁਲ ਨਹੀਂ ਹੈ। ਕਮਜ਼ੋਰ ਅਤੇ ਗਰੀਬ ਮੁਲਕਾਂ ਉੱਤੇ ਤਾਂ ਮਾਮੂਲੀ ਗੱਲ 'ਤੇ ਵੀ ਤੁਰੰਤ ਸਖ਼ਤ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ, ਪਰ ਜਦੋਂ ਗੱਲ ਤਾਕਤਵਰ ਮੁਲਕਾਂ ਅਤੇ ਉਨਾਂ ਦੇ ਚਹੇਤੇ ਸਾਥੀਆਂ ਦੀ ਆਉਂਦੀ ਹੈ, ਤਾਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਅਤੇ ਵਿਆਖਿਆਵਾਂ ਰਾਤੋ-ਰਾਤ ਬਦਲ ਦਿੱਤੀਆਂ ਜਾਂਦੀਆਂ ਹਨ। ਇਸ ਕੌੜੀ ਹਕੀਕਤ ਨੇ ਅੱਜ 'ਗਲੋਬਲ ਸਾਊਥ' ਕਈ ਮੁਲਕਾਂ ਅਤੇ ਉੱਥੋਂ ਦੇ ਲੋਕਾਂ ਵਿੱਚ ਇਹ ਭਾਵਨਾ ਹੋਰ ਜ਼ਿਆਦਾ ਪੱਕੀ ਅਤੇ ਮਜ਼ਬੂਤ ਕਰ ਦਿੱਤੀ ਹੈ ਕਿ ਮੌਜੂਦਾ ਅੰਤਰਰਾਸ਼ਟਰੀ ਨਿਜ਼ਾਮ ਅਸਲ ਵਿੱਚ ਨਿਆਂ ਦੇ ਉੱਚ ਅਸੂਲਾਂ ਉੱਤੇ ਨਹੀਂ, ਸਗੋਂ ਸਿਰਫ਼ ਅਤੇ ਸਿਰਫ਼ ਜਿਸਦੀ ਲਾਠੀ ਉਸਦੀ ਮੱਜ (ਤਾਕਤ ਦੇ ਸੰਤੁਲਨ) ਉੱਤੇ ਚੱਲਦਾ ਹੈ। ਗਜ਼ਾ ਖੇਤਰ ਦੀ ਇਸ ਜੰਗ ਨੇ ਸੰਸਾਰ ਦੇ ਮੁੱਖ ਧਾਰਾ ਦੇ ਮੀਡੀਆ, ਵੱਡੇ ਬੌਧਿਕ ਵਰਗ ਅਤੇ ਜਾਣਕਾਰੀ ਦੇ ਨਿਯੰਤਰਣ ਦੇ ਪਿੱਛੇ ਕੰਮ ਕਰਦੀਆਂ ਗੰਧਲੀਆਂ ਸਾਜ਼ਿਸ਼ਾਂ ਨੂੰ ਵੀ ਬਹੁਤ ਡੂੰਘਾਈ ਨਾਲ ਬੇਨਕਾਬ ਕੀਤਾ ਹੈ। ਪੱਛਮੀ ਮੀਡੀਆ ਦੇ ਇੱਕ ਬਹੁਤ ਵੱਡੇ ਅਤੇ ਪ੍ਰਭਾਵਸ਼ਾਲੀ ਹਿੱਸੇ ਨੇ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਇਸਰਾਇਲੀ ਸਰਕਾਰ ਦੀ ਪੱਖਪਾਤੀ ਬਿਆਨਬਾਜ਼ੀ ਨੂੰ ਲਗਭਗ ਬਿਨਾਂ ਕੋਈ ਸਵਾਲ ਕੀਤੇ ਅੰਨ੍ਹੇਵਾਹ ਦੁਹਰਾਇਆ। ਜਦਕਿ ਦੂਜੇ ਪਾਸੇ, ਹਜ਼ਾਰਾਂ .ਫਲਸਤੀਨੀ ਨਾਗਰਿਕਾਂ ਅਤੇ ਮਾਸੂਮ ਬੱਚਿਆਂ ਦੀਆਂ ਦਰਦਨਾਕ ਮੌਤਾਂ ਨੂੰ ਅਕਸਰ "ਸਹਾਇਕ ਨੁਕਸਾਨ" ਜਾਂ "ਸੁਰੱਖਿਆ ਕਾਰਵਾਈ" ਦੀ ਚਾਲਾਕ ਭਾਸ਼ਾ ਵਿੱਚ ਲੁਕਾ ਕੇ ਪੇਸ਼ ਕੀਤਾ ਗਿਆ। ਪਰ ਇਸ ਦੇ ਬਾਵਜੂਦ, ਅੱਜ ਦੇ ਆਧੁਨਿਕ ਸੋਸ਼ਲ ਮੀਡੀਆ ਅਤੇ ਸੁਤੰਤਰ ਨਾਗਰਿਕ ਪੱਤਰਕਾਰਿਤਾ ਨੇ ਮੀਡੀਆ ਦੇ ਇਸ ਇੱਕ-ਪੱਖੀ ਝੂਠੇ ਕਥਾ-ਪ੍ਰਸੰਗ ਨੂੰ ਬਹੁਤ ਵੱਡੀ ਚੁਣੌਤੀ ਦਿੱਤੀ। ਗਜ਼ਾ ਦੇ ਸਥਾਨਕ ਬਹਾਦਰ ਪੱਤਰਕਾਰ ਜਾਨ ਦੀ ਪਰਵਾਹ ਨਾ ਕਰਦੇ ਹੋਏ, ਬੰਬਾਂ ਦੇ ਮਲਬੇ ਅਤੇ ਲਾਸ਼ਾਂ ਦੇ ਵਿਚਕਾਰੋਂ ਸਿੱਧੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਦੁਨੀਆ ਤੱਕ ਭੇਜ ਰਹੇ ਸਨ। ਸਾਲ 2025 ਤੱਕ ਆਉਂਦੇ-ਆਉਂਦੇ, ਸੱਚ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਕੀਮਤ ਚੁਕਾਉਂਦੇ ਹੋਏ ਗਜ਼ਾ ਵਿੱਚ 200 ਤੋਂ ਵੱਧ ਪੱਤਰਕਾਰ ਇਸਰਾਇਲੀ ਹਮਲਿਆਂ ਵਿੱਚ ਮਾਰੇ ਜਾ ਚੁੱਕੇ ਸਨ, ਜਿਸ ਨੂੰ ਦੁਨੀਆ ਭਰ ਦੀਆਂ ਕਈ ਪ੍ਰਮੁੱਖ ਮਨੁੱਖੀ ਹੱਕ ਸੰਸਥਾਵਾਂ ਅਤੇ ਪ੍ਰੈਸ ਫੋਰਮਾਂ ਨੇ ਆਧੁਨਿਕ ਇਤਿਹਾਸ ਵਿੱਚ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਅਤੇ ਖ਼ੂਨੀ ਜੰਗੀ ਦੌਰ ਐਲਾਨਿਆ ਹੈ। ਮਸ਼ਹੂਰ ਅਮਰੀਕੀ ਵਿਦਵਾਨ ਐਡਵਰਡ ਐਸ. ਹਰਮਨ ਅਤੇ ਨੋਆਮ ਚੌਮਸਕੀ ਨੇ ਆਪਣੀ ਵਿਸ਼ਵ-ਪ੍ਰਸਿੱਧ ਇਤਿਹਾਸਕ ਕਿਤਾਬ ਵਿੱਚ ਬਹੁਤ ਪਹਿਲਾਂ ਲਿਖਿਆ ਸੀ ਕਿ ਵੱਡਾ ਕਾਰਪੋਰੇਟ ਮੀਡੀਆ ਅਕਸਰ ਤਾਕਤਵਰ ਰਾਜਨੀਤਿਕ ਅਤੇ ਕਾਰਪੋਰੇਟ ਹਿੱਤਾਂ ਦੇ ਅਨੁਕੂਲ ਹੀ ਲੋਕਾਂ ਦੀ ਸੋਚ (ਲੋਕਧਾਰਨਾ) ਨੂੰ ਯੋਜਨਾਬੱਧ ਤਰੀਕੇ ਨਾਲ ਤਿਆਰ ਕਰਦਾ ਹੈ। ਗਜ਼ਾ ਦੀ ਜੰਗ ਵਿੱਚ ਚੌਮਸਕੀ ਦਾ ਇਹ ਪ੍ਰਸਿੱਧ ਸਿਧਾਂਤ ਇੱਕ ਵਾਰ ਫਿਰ ਅੱਖਰ-ਅੱਖਰ ਸੱਚ ਸਾਬਤ ਹੁੰਦਾ ਨਜ਼ਰ ਆਇਆ, ਜਿੱਥੇ ਜ਼ਮੀਨੀ ਜੰਗ ਦੇ ਨਾਲ-ਨਾਲ ਜਾਣਕਾਰੀ ਦੀ ਜੰਗ ਵੀ ਬੰਬਾਂ ਅਤੇ ਮਿਸਾਇਲਾਂ ਜਿੰਨੀ ਹੀ ਅਹਿਮ ਅਤੇ ਖ਼ਤਰਨਾਕ ਬਣ ਚੁੱਕੀ ਸੀ। ਗਜ਼ਾ ਖੇਤਰ ਦੀ ਇਸ ਲੰਮੀ ਜੰਗ ਨੇ ਭਵਿੱਖ ਵਿੱਚ ਉਭਰ ਰਹੇ ਨਵੇਂ ਵਿਸ਼ਵ ਕ੍ਰਮ ਦੀ ਦਿਸ਼ਾ ਅਤੇ ਦਸ਼ਾ ਬਾਰੇ ਵੀ ਦੁਨੀਆ ਭਰ ਦੇ ਚਿੰਤਕਾਂ ਅੱਗੇ ਕਈ ਡੂੰਘੇ ਅਤੇ ਚਿੰਤਾਜਨਕ ਸਵਾਲ ਖੜ੍ਹੇ ਕੀਤੇ ਹਨ। ਯੂਨਾਈਟਡ ਸਟੇਟਸ (ਅਮਰੀਕਾ), ਚੀਨ ਅਤੇ ਰੂਸ ਵਿਚਾਲੇ ਵਧ ਰਹੇ ਭੂ-ਰਾਜਨੀਤਿਕ ਟਕਰਾਅ ਦੇ ਇਸ ਨਵੇਂ ਦੌਰ ਵਿੱਚ, .ਫਲਸਤੀਨ ਇੱਕ ਵਾਰ ਫਿਰ ਸੰਸਾਰ ਦੀਆਂ ਇਨ੍ਹਾਂ ਸੁਆਰਥੀ ਮਹਾਸ਼ਕਤੀਆਂ ਦੀ ਰਣਨੀਤਕ ਸ਼ਤਰੰਜ ਦੀ ਖੇਡ ਦਾ ਇੱਕ ਮੋਹਰਾ ਅਤੇ ਖ਼ੂਨੀ ਮੈਦਾਨ ਬਣਦਾ ਦਿਖ ਰਿਹਾ ਹੈ।। ਇੱਕ ਪਾਸੇ ਜਿੱਥੇ ਅਮਰੀਕਾ ਨੇ ਅੰਨ੍ਹੇਵਾਹ ਇਸਰਾਇਲ ਦੀ ਹਰ ਤਰ੍ਹਾਂ ਦੀ ਫੌਜੀ, ਆਰਥਿਕ ਅਤੇ ਕੂਟਨੀਤਿਕ ਹਿਮਾਇਤ ਜਾਰੀ ਰੱਖੀ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਅਤੇ ਰੂਸ ਨੇ ਪੱਛਮੀ ਦੇਸ਼ਾਂ ਦੇ ਇਸ ਦੋਹਰੇ ਮਾਪਦੰਡਾਂ ਉੱਤੇ ਸੰਸਾਰ ਮੰਚਾਂ 'ਤੇ ਤਿੱਖੇ ਸਵਾਲ ਤਾਂ ਜ਼ਰੂਰ ਚੁੱਕੇ, ਪਰ ਉਹ ਖ਼ੁਦ ਵੀ ਆਪਣੀਆਂ ਸਿਆਸੀ ਹੱਦਾਂ ਕਾਰਨ ਇਸ ਭਿਆਨਕ ਜੰਗ ਨੂੰ ਰੋਕਣ ਲਈ ਕੋਈ ਠੋਸ ਜਾਂ ਨਿਰਣਾਇਕ ਗਲੋਬਲ ਢਾਂਚਾ ਖੜ੍ਹਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਇਸ ਜੰਗ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੇ ਦੌਰ ਦੀ ਵਿਸ਼ਵ ਰਾਜਨੀਤੀ ਵਿੱਚ "ਮਨੁੱਖੀ ਅਧਿਕਾਰ" ਅਤੇ "ਇਨਸਾਨੀਅਤ" ਵਰਗੀ ਸੁੰਦਰ ਭਾਸ਼ਾ ਦੀ ਵਰਤੋਂ ਤਾਂ ਸਿਰਫ਼ ਭਾਸ਼ਣਾਂ ਨੂੰ ਚਮਕਾਉਣ ਲਈ ਬਹੁਤ ਕੀਤੀ ਜਾਵੇਗੀ, ਪਰ ਜ਼ਮੀਨ 'ਤੇ ਅਸਲ .ਫੈਸਲੇ ਸਿਰਫ਼ ਦੇਸ਼ਾਂ ਦੇ ਆਪਣੇ ਰਣਨੀਤਕ ਹਿੱਤਾਂ, ਹਥਿਆਰਾਂ ਦੇ ਅਰਬਾਂ ਡਾਲਰ ਦੇ ਬਾਜ਼ਾਰਾਂ, ਤੇਲ-ਊਰਜਾ ਦੇ ਲੰਘਣ ਵਾਲੇ ਰੂਟਾਂ ਅਤੇ ਨਵੇਂ ਭੂ-ਰਾਜਨੀਤਿਕ ਗਠਜੋੜਾਂ ਦੇ ਨ.ਫੇ-ਨੁਕਸਾਨ ਦੇ ਆਧਾਰ 'ਤੇ ਹੀ ਲਏ ਜਾਣਗੇ। ਇਸ ਇਤਿਹਾਸਕ ਅਰਥ ਵਿੱਚ, ਗਜ਼ਾ ਸਿਰਫ਼ ਇੱਕ ਆਮ ਖੇਤਰੀ ਜੰਗ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਭਿਆਨਕ ਇਤਿਹਾਸਕ ਪ੍ਰਯੋਗਸ਼ਾਲਾ ਬਣ ਗਿਆ ਹੈ, ਜਿੱਥੇ ਇੱਕਵੀਹੀਂ ਸਦੀ ਦੇ ਬੇਰਹਿਮ ਨਵੇਂ ਵਿਸ਼ਵ ਨਿਜ਼ਾਮ ਦੀਆਂ ਕਰੂਰ ਹਕੀਕਤਾਂ ਪੂਰੀ ਤਰ੍ਹਾਂ ਖੁੱਲ੍ਹ ਕੇ ਦੁਨੀਆ ਦੇ ਸਾਹਮਣੇ ਆਈਆਂ ਹਨ।

ਸਭ ਤੋਂ ਵੱਡਾ ਅਤੇ ਬੁਨਿਆਦੀ ਸਵਾਲ ਸਿਰਫ਼ ਇਹ ਨਹੀਂ ਹੈ ਕਿ ਇਸਰਾਇਲ ਨੇ ਗਜ਼ਾ ਖੇਤਰ ਵਿੱਚ ਕੀ-ਕੀ ਅਣਮਨੁੱਖੀ ਕਾਰੇ ਕੀਤੇ ਹਨ। ਅਸਲ ਸਵਾਲ ਇਹ ਵੀ ਹੈ ਕਿ ਇਸ ਸੰਸਾਰ ਦੀ ਵਿਵਸਥਾ ਵਿੱਚ ਕਿਸ-ਕਿਸ ਨੇ ਪਰਦੇ ਦੇ ਪਿੱਛੇ ਰਹਿ ਕੇ ਉਸ ਨੂੰ ਇਹ ਸਭ ਕੁਝ ਕਰਨ ਦੀ ਖੁੱਲ੍ਹ ਦਿੱਤੀ? ਕਿਸਨੇ ਉਸ ਨੂੰ ਮਾਸੂਮਾਂ ਨੂੰ ਮਾਰਨ ਲਈ ਆਧੁਨਿਕ ਹਥਿਆਰ ਦਿੱਤੇ? ਕਿਸਨੇ ਉਸ ਨੂੰ ਅੰਤਰਰਾਸ਼ਟਰੀ ਨਿਯਮਾਂ ਨੂੰ ਤੋੜਨ ਦੇ ਅਧਿਕਾਰ ਦਿੱਤੇ? ਕਿਸਨੇ ਉਸ ਦੇ ਅੰਦਰਖਾਤੇ ਬਣੇ ਵਪਾਰਕ ਅਤੇ ਰਾਜਨੀਤਿਕ ਹਮਾਇਤੀਆਂ ਨੂੰ ਇੱਕ ਖ਼ੂੰਖਾਰ ਅਤੇ ਗੁਨਾਹਗਾਰ ਚੁੱਪ ਦਿੱਤੀ? ਅਤੇ ਕਿਸਨੇ ਬੜੀ ਚਾਲਾਕੀ ਨਾਲ ਦੁਨੀਆ ਨੂੰ ਨੈਤਿਕਤਾ, ਵਿਸ਼ਵ ਭਲਾਈ, ਲੋਕਤੰਤਰ, "ਸਾਰਾ ਸੰਸਾਰ ਇੱਕ ਪਰਿਵਾਰ ਹੈ÷, ਦਹਿਸ਼ਤਗਰਦੀ ਦਾ ਖ਼ਾਤਮਾ ਅਤੇ ਭਲੇਮਾਣਸੀ ਦਾ ਪਾਠ ਉੱਚੀ-ਉੱਚੀ ਪੜ੍ਹਾਉਣ ਦੀ ਪਖੰਡੀ ਚਾਲਾਕੀ ਦਿੱਤੀ? ਅਤੇ ਕਿਸਨੇ ਮਨੁੱਖਤਾ ਦੇ ਨਾਮ 'ਤੇ ਸਿਰਫ਼ ਕਾਗਜ਼ੀ ਬਿਆਨ ਜਾਰੀ ਕਰਕੇ ਆਪਣੇ .ਫਰਜ਼ਾਂ ਤੋਂ ਪੱਲਾ ਝਾੜ ਲਿਆ?

ਸਵਾਲ ਬਹੁਤ ਹਨ ਅਤੇ ਬੇਹੱਦ ਗੰਭੀਰ ਵੀ ਹਨ, ਪਰ ਅੱਜ ਦੀ ਇਸ ਪੂੰਜੀਵਾਦੀ ਅਤੇ ਤਾਕਤ-ਪ੍ਰਸਤ ਦੁਨੀਆ ਦਾ ਸਭ ਤੋਂ ਵੱਡਾ ਕੌੜਾ ਸੱਚ ਇਹੀ ਹੈ ਕਿ ਇੱਥੇ ਅਮੀਰ ਅਤੇ ਸ਼ਕਤੀਸ਼ਾਲੀ ਸਦਾ ਸਹੀ ਕਿਉਂ ਹੁੰਦਾ ਹੈ? ਜਿਵੇਂ ਸਾਡੇ ਬਜ਼ੁਰਗ ਕਹਿੰਦੇ ਆਏ ਹਨ ਕਿ ਜਿਸ ਦੇ ਘਰ ਦਾਣੇ ਹੁੰਦੇ ਹਨ, ਉਸ ਦੇ ਕਮਲੇ (ਝੱਲੇ) ਵੀ ਦੁਨੀਆ ਨੂੰ ਸਿਆਣੇ ਕਿਉਂ ਲੱਗਦੇ ਹਨ? ਠੀਕ ਇਦਾਂ ਹੀ ਅਮਰੀਕਾ ਦਿ ਇਸਰਾਇਲ ਸਭ ਨੂੰ 100% ਸਹੀ ਲੱਗ ਰਿਹਾ ਹੈ ਅਤੇ ਦੂਜੇ ਪਾਸੇ .ਫਲਸਤੀਨ ਦੇ ਮਰਦੇ ਬਾਲਕ ਗਾਜਰ ਮੂਲੀ ਲੱਗ ਰਹੇ ਹਨ। ਗਜ਼ਾ ਦੀ ਜੰਗ ਨੇ ਇਸ ਲੋਕ-ਸਿਆਣਪ ਦੇ ਪਿੱਛੇ ਲੁਕੇ ਸੰਸਾਰ ਰਾਜਨੀਤੀ ਦੇ ਸਭ ਤੋਂ ਕਰੂਰ ਸੱਚ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ।

**-ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**



# ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ।

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਵਿੱਚ ਹੋ ਰਹੇ 42ਵੇਂ ਸ਼ਹੀਦੀ ਜੋੜ ਮੇਲੇ 'ਚ ਸਮੂਹ ਸੰਗਤਾਂ ਵੱਧ-ਚੜ੍ਹ ਕੇ ਹਾਜ਼ਰੀ ਭਰਨ ਜੀ।



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ

ਆਵਾਜ਼ਿ ਕੌਮ AWAZE QAUM International Newspaper & WEB TV



ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ



ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ



ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਅਰੀਵਾਲ



ਐਸੀ ਵਿੰਗ ਸੈਲ ਪੰਜਾਬ ਦੇ ਜਨਰਲ ਸਕੱਤਰ ਬਲਜੀਤ ਸਿੰਘ ਸਰਾਂ



ਸੰਤ ਬਾਬਾ ਲਖਬੀਰ ਸਿੰਘ ਭੰਗਾਲੀ ਕਲਾਂ ਵਾਲੇ



ਸੰਤ ਬਾਬਾ ਮਨਮੋਹਨ ਸਿੰਘ ਭੰਗਾਲੀ ਕਲਾਂ ਵਾਲੇ



ਸੰਤ ਬਾਬਾ ਸਰਦਾਰਾ ਸਿੰਘ ਮੱਖਣਵਿੰਡੀ ਕਾਰਸੇਵਾ ਵਾਲੇ



ਸੰਤ ਬਾਬਾ ਮੇਜਰ ਸਿੰਘ ਟਾਹਲੀ ਸਾਹਿਬ ਕਾਰਸੇਵਾ ਵਾਲੇ



ਮਨਜੋਤ ਸਿੰਘ ਰੰਧਾਵਾ ਮਲੱਕ ਨੰਗਲ



ਸਾਬਕਾ ਸਰਪੰਚ ਹਰਜਿੰਦਰ ਸਿੰਘ ਜੱਜ ਚੌਂਕ ਮਹਿਤਾ



ਨਰਿੰਦਰ ਰਾਏ , ਐੱਮ. ਡੀ. ਰਾਏ ਮੂਵੀਜ਼ 7009629341



ਚੇਅਰਮੈਨ ਕਸ਼ਮੀਰ ਸਿੰਘ ਕਾਲਾ ਸਰਪੰਚ ਮਹਿਤਾ



ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ

ਹਲਕਾ ਵਿਧਾਇਕ ਪ੍ਰੋ. ਬਲਜਿੰਦਰ ਕੌਰ ਦੀ ਅਗਵਾਈ ਹੇਠ

# ਪਿੰਡ ਰਾਈਆ ਦੇ 25 ਪਰਿਵਾਰ 'ਆਪ' 'ਚ ਸ਼ਾਮਲ







**ਤਲਵੰਡੀ ਸਾਬੋ, 4 ਜੂਨ (ਗੁਰਜੰਟ ਸਿੰਘ ਨਥੇਹਾ)**- ਹਲਕਾ ਤਲਵੰਡੀ ਸਾਬੋ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਹਲਕਾ ਵਿਧਾਨ ਸਭਾ ਤਲਵੰਡੀ ਸਾਬੋ ਦੇ ਪਿੰਡ ਰਾਈਆ ਦੇ ਕਰੀਬ 25 ਪਰਿਵਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਹਲਕਾ ਵਿਧਾਇਕ ਪ੍ਰੋ. ਬਲਜਿੰਦਰ ਕੌਰ ਦੀ ਅਗਵਾਈ ਅਤੇ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਦੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਨੂੰ ਪਿੰਡ-ਪਿੰਡ ਤੱਕ ਪਹੁੰਚਾ ਰਹੀ ਹੈ, ਜਿਸ ਕਾਰਨ ਲੋਕਾਂ ਦਾ ਭਰੋਸਾ ਆਮ ਆਦਮੀ ਪਾਰਟੀ ਪ੍ਰਤੀ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਪਰਿਵਾਰਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਿੱਖਿਆ, ਸਿਹਤ, ਬਿਜਲੀ ਅਤੇ ਲੋਕ ਭਲਾਈ ਦੇ ਹੋਰ ਖੇਤਰਾਂ ਵਿੱਚ ਇਤਿਹਾਸਕ ਕੰਮ ਕਰ ਰਹੀ ਹੈ। ਸਰਕਾਰ ਦੀਆਂ ਨੀਤੀਆਂ ਅਤੇ ਪਾਰਦਰਸ਼ੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਪਾਰਟੀ ਦੇ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਲਾਰਸਨ ਐਂਡ ਟੂਬਰੋ ਐਜੂਟੇਕ ਵੱਲੋਂ

# ਸਾਈਬਰ ਸੁਰੱਖਿਆ ਅਧਾਰਿਤ ਪ੍ਰੋਗਰਾਮ ਲਾਂਚ




**ਤਲਵੰਡੀ ਸਾਬੋ 4, ਜੂਨ (ਗੁਰਜੰਟ ਸਿੰਘ ਨਥੇਹਾ)**-ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਲਾਰਸਨ ਐਂਡ ਟੂਬਰੋ ਐਜੂਟੇਕ ਵੱਲੋਂ ਉਦਯੋਗਾਂ ਅਤੇ ਵਿੱਦਿਅਕ ਅਦਾਰਿਆਂ ਦੇ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਸਾਈਬਰ ਸੁਰੱਖਿਆ ਅਧਾਰਿਤ ਬੀ.ਟੈਕ ਅਤੇ ਬੀ.ਸੀ.ਏ. ਪ੍ਰੋਗਰਾਮਾਂ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਹ ਪ੍ਰੋਗਰਾਮ ਵਾਈਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ, ਪ੍ਰੋ. (ਡਾ.) ਬਲਰਾਜ ਸਿੰਘ, ਸੀ.ਈ.ਓ ਲਾਰਸਨ ਐਂਡ ਟੂਬਰੋ ਐਜੂਟੇਕ ਐਫ. ਫੈਬੀਨ ਅਤੇ ਪਰੋ. ਵਾਈਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ ਡਾ. ਪੀਯੂਸ਼ ਵਰਮਾ ਵੱਲੋਂ ਲਾਂਚ ਕੀਤੇ ਗਏ। ਇਸ ਮੌਕੇ ਦੋਹਾਂ ਅਦਾਰਿਆਂ ਦੇ ਉੱਚ ਅਧਿਕਾਰੀ ਅਤੇ ਪਤਵੰਤੇ ਹਾਜ਼ਰ ਸਨ। ਪ੍ਰੋਗਰਾਮਾਂ ਦੀ ਰਸਮੀ ਸ਼ੁਰੂਆਤ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਾਈਸ ਚਾਂਸਲਰ ( ਡਾ.) ਸਿੰਘ ਨੇ ਵਰਸਿਟੀ ਵੱਲੋਂ ਖੋਜ, ਨਵੀਨਤਾ ਅਤੇ ਹੁਨਰ ਅਧਾਰਿਤ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਉਦਯੋਗਾਂ ਦੀ ਭਾਈਵਾਲਤਾ ਨਾਲ ਵਰਸਿਟੀ ਨੇ ਨਵੇਂ ਕੋਰਸ ਤੇ ਪਾਠਕ੍ਰਮ ਡਿਜ਼ਾਇਨ ਕੀਤੇ ਗਏ ਹਨ। ਜੋ ਕਿ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਨਵੇਂ ਰਸਤੇ ਖੁੱਲਣਗੇ ਅਤੇ ਉਹਨਾਂ ਦੇ ਉਜਵੱਲ ਭਵਿੱਖ ਵਿੱਚ ਸਹਾਈ ਹੋਣਗੇ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੀ.ਈ.ਓ. ਫੈਬੀਨ ਨੇ ਸਿੱਖਿਆ ਅਤੇ ਰੁਜ਼ਗਾਰ ਦੇ ਪਾੜੇ ਨੂੰ ਭਰਨ ਲਈ ਉਦਯੋਗਾਂ ਦੀ ਲੋੜ ਅਨੁਸਾਰ ਅਕਾਦਮਿਕ ਪ੍ਰੋਗਰਾਮਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਅਜਿਹੀਆਂ ਪਹਿਲ ਕਦਮੀਆਂ ਵਿਦਿਆਰਥੀਆਂ ਨੂੰ ਉਦਯੋਗਾਂ ਦੇ ਸਪੰਰਕ 'ਚ ਲਿਆਉਂਦੀਆਂ ਹਨ, ਜੋ ਉਹਨਾਂ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰਦੀਆਂ ਹਨ। ਉਹਨਾਂ ਵਿਸ਼ੇਸ਼ ਤੌਰ 'ਤੇ ਸੈਮੀਕੰਡਕਟਰ, ਰੱਖਿਆ, ਰੇਲਵੇ, ਨਵਿਆਉਣਯੋਗ ਊਰਜਾ ਅਤੇ ਹੋਰ ਉਕਤ ਤਕਨਾਲੋਜੀ ਦੇ ਖੇਤਰ ਵਿੱਚ ਐੱਲ.ਐਂਡ.ਟੀ. ਦੀ ਮੁਹਾਰਤ ਅਤੇ ਮੌਜੂਦਗੀ ਤੇ ਚਾਨਣਾ ਪਾਇਆ। ਇਸ ਮੌਕੇ ਪਰੋ. ਵਾਈਸ ਚਾਂਸਲਰ ਡਾ.ਵਰਮਾ ਨੇ ਜੀ.ਕੇ.ਯੂ. ਦੀ ਸ਼ਾਨਦਾਰ ਵਿਕਾਸ ਯਾਤਰਾ ਨੂੰ ਸਾਂਝਾ ਕੀਤਾ। ਉਹਨਾਂ ਯੂ.ਜੀ.ਸੀ. ਵੱਲੋਂ ਵਰਸਿਟੀ ਨੂੰ ਮਿਲੀ ਨੈਕ ਗ੍ਰੇਡ 1++ ਮਾਨਤਾ ਦੀ ਗੱਲ ਕਰਦਿਆਂ ਦੱਸਿਆ ਕਿ ਉਦਯੋਗੀ ਭਾਈਵਾਲਾਂ ਦੇ ਸਹਿਯੋਗ ਨਾਲ ਵਰਸਿਟੀ ਵਿਖੇ ਸੈਂਟਰ ਆਫ਼ ਐਕਸੀਲੈਂਸ ਦੀ ਸਥਾਪਨਾ ਕੀਤੀ ਗਈ ਹੈ, ਜੋ ਵਿਦਿਆਰਥੀਆਂ ਨੂੰ ਅਤਿਆਧੁਨਿਕ ਪ੍ਰਯੋਗਸ਼ਾਲਾਵਾਂ ਵਿੱਚ ਵਿਹਾਰਕ ਗਿਆਨ ਸਿੱਖਣ ਦਾ ਮੌਕਾ ਪ੍ਰਦਾਨ ਕਰਦਾ ਹੈ। ਸਮਾਰੋਹ ਮੌਕੇ ਐੱਲ. ਐਂਡ. ਟੀ. ਐਜੂਟੇਕ ਦੇ ਉੱਤਰ ਖੇਤਰ ਮੁੱਖੀ ਆਸ਼ੀਸ਼ ਮਿਸ਼ਰਾ ਨੇ ਦੱਸਿਆ ਕਿ ਐਜੂਟੇਕ ਅਦਾਰਾ ਜੀ.ਕੇ.ਯੂ. ਵਿਖੇ ਆਰਟੀਫ਼ਿਸੀਅਲ ਇੰਟੈਲੀਜੈਂਸ (ਏ.ਆਈ.) ਤੇ ਉੱਚ ਤਕਨੀਕੀ ਖੇਤਰਾਂ ਸੰਬੰਧੀ ਪ੍ਰਯੋਗਸ਼ਾਲਾਵਾਂ ਸਥਾਪਿਤ ਕਰੇਗਾ। ਉਹਨਾਂ ਕਿਹਾ ਕਿ ਲਾਂਚ ਕੀਤੇ ਪ੍ਰੋਗਰਾਮ ਦੋਹੇ ਵਿੱਦਿਅਕ ਅਦਾਰਿਆਂ ਲਈ ਨਵੀਨਤਾਕਾਰੀ ਅਤੇ ਉਦਯੋਗਾਂ ਅਨੁਕੂਲ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਮੁੱਖੀ ਪਹਿਲ-ਕਦਮੀਆਂ ਹਨ, ਜਿਸ ਸਦਕਾ ਉਦਯੋਗਾਂ ਨੂੰ ਉੱਤਮ ਪੇਸ਼ੇਵਰ ਅਧਿਕਾਰੀ ਮਿਲਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਰ ਗੁਰਧਾਮਾਂ ਉਪਰ ਫੌਜੀ ਹਮਲਾ: ਸਿੱਖ ਇਤਿਹਾਸ ਦਾ ਖ਼ੂਨੀ ਘਲੂਘਾਰਾ, ਜਿਸ ਨੇ ਕੌਮ ਦੀ ਅਡੋਲ ਚੜ੍ਹਦੀ ਕਲਾ ਨੂੰ ਦੁਨੀਆ ਸਾਹਮਣੇ ਰੱਖਿਆ



**ਨਵੀਂ ਦਿੱਲੀ 4 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਜੂਨ 1984 ਵਿੱਚ ਭਾਰਤ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਅਨੇਕਾਂ ਗੁਰਧਾਮਾਂ ਉੱਤੇ ਕੀਤੀ ਗਈ ਫੌਜੀ ਕਾਰਵਾਈ ਨੂੰ ਸਿੱਖ ਕੌਮ ਆਪਣੇ ਇਤਿਹਾਸ ਦੇ ਸਭ ਤੋਂ ਦਰਦਨਾਕ, ਖ਼ੂਨੀ ਅਤੇ ਅਣਭੁੱਲੇ ਘਲੂਘਾਰਿਆਂ ਵਿੱਚੋਂ ਇੱਕ ਮੰਨਦੀ ਹੈ। ਇਹ ਸਿਰਫ਼ ਇੱਕ ਫੌਜੀ ਕਾਰਵਾਈ ਨਹੀਂ ਸੀ, ਸਗੋਂ ਸਿੱਖਾਂ ਦੇ ਸਰਵੋਚ ਧਾਰਮਿਕ ਅਸਥਾਨ, ਉਨ੍ਹਾਂ ਦੀਆਂ ਭਾਵਨਾਵਾਂ, ਵਿਸ਼ਵਾਸ ਅਤੇ ਸਵੈ-ਸਨਮਾਨ ਉੱਤੇ ਕੀਤਾ ਗਿਆ ਅਜਿਹਾ ਘਾਅ ਸੀ, ਜਿਸ ਦਾ ਦਰਦ ਅੱਜ ਵੀ ਕੌਮ ਦੇ ਹਿਰਦੇ ਵਿੱਚ ਤਾਜ਼ਾ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਇੱਕ ਬਿਆਨ ਰਾਹੀਂ ਕਿਹਾ ਟੈਂਕਾਂ, ਤੋਪਾਂ, ਬਖ਼ਤਰਬੰਦ ਗੱਡੀਆਂ ਅਤੇ ਆਧੁਨਿਕ ਹਥਿਆਰਾਂ ਨਾਲ ਲੈਸ ਵਿਸ਼ਾਲ ਫੌਜੀ ਤਾਕਤ ਦੇ ਸਾਹਮਣੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀ ਅਗਵਾਈ ਹੇਠ ਮੁੱਠੀ ਭਰ ਸਿੰਘਾਂ ਨੇ ਅਦੁੱਤੀ ਦਲੇਰੀ, ਅਟੁੱਟ ਵਿਸ਼ਵਾਸ ਅਤੇ ਅਸਾਧਾਰਣ ਜਜ਼ਬੇ ਨਾਲ ਡਟ ਕੇ ਮੁਕਾਬਲਾ ਕੀਤਾ। ਗਿਣਤੀ ਅਤੇ ਸਾਧਨਾਂ ਪੱਖੋਂ ਬੇਹੱਦ ਘੱਟ ਹੋਣ ਦੇ ਬਾਵਜੂਦ ਉਨ੍ਹਾਂ ਨੇ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਖ਼ਾਲਸਾ ਆਪਣੇ ਗੁਰਧਾਮਾਂ, ਅਸੂਲਾਂ ਅਤੇ ਪੰਥਕ ਸਨਮਾਨ ਦੀ ਰੱਖਿਆ ਲਈ ਹਰ ਵੱਡੀ ਤੋਂ ਵੱਡੀ ਕੁਰਬਾਨੀ ਦੇ ਸਕਦਾ ਹੈ। ਉਨ੍ਹਾ ਦਸਿਆ ਇਹ ਘਟਨਾ ਸਿੱਖ ਇਤਿਹਾਸ ਵਿੱਚ ਇੱਕ ਅਜਿਹੇ ਘਲੂਘਾਰੇ ਵਜੋਂ ਦਰਜ ਹੈ, ਜਿਸ ਨੇ ਕੌਮ ਦੇ ਅੰਦਰਲੇ ਜਜ਼ਬੇ, ਦ੍ਰਿੜਤਾ ਅਤੇ ਸ਼ਹਾਦਤ ਦੀ ਰਵਾਇਤ ਨੂੰ ਹੋਰ ਮਜ਼ਬੂਤ ਕੀਤਾ। ਸਿੱਖ ਕੌਮ ਦਾ ਵਿਸ਼ਵਾਸ ਹੈ ਕਿ ਖ਼ਾਲਸਾ ਮੌਤ ਤੋਂ ਨਹੀਂ ਡਰਦਾ, ਸਗੋਂ ਸੱਚ, ਨਿਆਂ ਅਤੇ ਗੁਰੂ ਘਰ ਦੀ ਮਰਿਆਦਾ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਅੰਤ ਵਿਚ ਓਨ੍ਹਾ ਕਿਹਾ ਚਾਰ ਦਹਾਕਿਆਂ ਬਾਅਦ ਵੀ ਜੂਨ 1984 ਦੀਆਂ ਯਾਦਾਂ ਸਿੱਖ ਮਨਾਂ ਵਿੱਚ ਇੱਕ ਅਮਿੱਟ ਨਿਸ਼ਾਨ ਵਾਂਗ ਵੱਸਦੀਆਂ ਹਨ। ਹਰ ਸਾਲ ਕੌਮ ਉਹਨਾਂ ਸ਼ਹੀਦ ਸਿੰਘਾਂ ਅਤੇ ਸਿੰਘਣੀਆਂ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰਦੀ ਹੈ, ਜਿਨ੍ਹਾਂ ਨੇ ਗੁਰੂ ਘਰ ਦੀ ਸ਼ਾਨ, ਮਰਿਆਦਾ ਅਤੇ ਅਜ਼ਾਦੀ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਦੀਆਂ ਕੁਰਬਾਨੀਆਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਸਦਾ ਲਈ ਅੰਕਿਤ ਰਹਿਣਗੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਹੌਸਲੇ, ਵਿਸ਼ਵਾਸ ਅਤੇ ਸੰਘਰਸ਼ ਦੀ ਪ੍ਰੇਰਣਾ ਬਣਦੀਆਂ ਰਹਿਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

## ਹਰਮੀਤ ਸਿੰਘ ਕਾਲਕਾ "ਪੰਥ ਰਤਨ ਜਾਂ ਨਾਕਾਮੀਆਂ ਦਾ ਰਤਨ..?" — ਪਰਮਜੀਤ ਸਿੰਘ ਵੀਰਜੀ

## ਸੰਗਤ ਨੂੰ ਕਾਲਕਾ ਵਾਸਤੇ 'ਪੰਥ ਰਤਨ' ਨਹੀਂ, 'ਵਿਵਾਦ ਰਤਨ' ਦਾ ਕਰਨਾ ਪਵੇਗਾ ਨਵਾਂ ਖਿਤਾਬ ਸ਼ੁਰੂ



ਨਵੀਂ ਦਿੱਲੀ 4 ਜੂਨ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਪਰਮਜੀਤ ਸਿੰਘ ਵੀਰਜੀ ਨੇ ਹਰਮੀਤ ਸਿੰਘ ਕਾਲਕਾ ਉੱਤੇ ਤਿੱਖਾ ਵਿਅੰਗ ਕਰਦਿਆਂ ਕਿਹਾ ਕਿ ਜਿਹੜਾ ਵਿਅਕਤੀ ਚੋਣਾਂ ਕਰਵਾਉਣ ਤੋਂ ਭੱਜਦਾ ਹੋਵੇ, ਕਮੇਟੀ ਦੇ ਖ਼ਜ਼ਾਨੇ ਨੂੰ ਅਦਾਲਤੀ ਕੇਸਾਂ ਅਤੇ ਵਿਵਾਦਾਂ ਵਿੱਚ ਰੋਲ ਰਿਹਾ ਹੋਵੇ, ਸੰਗਤ ਅੱਗੇ ਹਿਸਾਬ-ਕਿਤਾਬ ਰੱਖਣ ਤੋਂ ਕਤਰਾਉਂਦਾ ਹੋਵੇ, ਉਹ ਅੱਜ ਆਪਣੇ ਆਪ ਨੂੰ ਪੰਥਕ ਆਗੂ ਸਾਬਤ ਕਰਨ ਵਿੱਚ ਲੱਗਾ ਹੋਇਆ ਹੈ। ਪਰਮਜੀਤ ਸਿੰਘ ਵੀਰਜੀ ਨੇ ਕਿਹਾ ਕਿ ਬਾਬਾ ਹਰਬੰਸ ਸਿੰਘ ਜੀ ਕਾਰਸੇਵਾ ਵਾਲਿਆਂ ਨੇ ਆਪਣੀ ਜ਼ਿੰਦਗੀ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਕੀਤੀ ਸੀ, ਜਦਕਿ ਕਾਲਕਾ ਦੇ ਕਾਰਜਕਾਲ ਦੌਰਾਨ ਸਕੂਲ ਅਧਿਆਪਕਾਂ ਦਾ ਬਕਾਇਆ ਹੀ ਕਰੀਬ 600 ਕਰੋੜ ਰੁਪਏ ਤੱਕ ਪਹੁੰਚ ਗਿਆ। ਕਈ ਸਕੂਲ ਅਤੇ ਕਾਲਜ ਬੰਦ ਹੋ ਗਏ, ਵਿਦਿਅਕ ਅਦਾਰੇ ਤਬਾਹੀ ਦੇ ਕੰਢੇ 'ਤੇ ਪਹੁੰਚ ਗਏ ਅਤੇ ਬਾਲਾ ਸਾਹਿਬ ਹਸਪਤਾਲ ਦੀ ਹਾਲਤ ਵੀ ਸੰਗਤ ਤੋਂ ਲੁਕੀ ਨਹੀਂ। ਉਨ੍ਹਾਂ ਤਨਜ਼ ਕਰਦਿਆਂ ਕਿਹਾ, "ਟੋਕਰੀ ਨੂੰ ਚੋਣ ਨਿਸ਼ਾਨ ਬਣਾ ਲੈਣ ਨਾਲ ਕੋਈ ਬਾਬਾ ਹਰਬੰਸ ਸਿੰਘ ਨਹੀਂ ਬਣ ਜਾਂਦਾ। ਜੇ ਇਹਨਾ ਹੀ ਸੌਖਾ ਹੁੰਦਾ ਤਾਂ ਹਰ ਕੋਈ ਟੋਕਰੀ ਚੁੱਕ ਕੇ ਪੰਥ ਰਤਨ ਬਣ ਜਾਂਦਾ। ਬਾਬਾ ਜੀ ਨੇ ਸੇਵਾ ਨਾਲ ਨਾਮ ਕਮਾਇਆ ਸੀ, ਜਦਕਿ ਇੱਥੇ ਤਾਂ ਲੋਕ ਨਾਕਾਮੀਆਂ ਦੇ ਪਹਾੜ ਉੱਤੇ ਖੜ੍ਹ ਕੇ ਸਨਮਾਨਾਂ ਦੀ ਮੰਗ ਕਰ ਰਹੇ ਹਨ।" ਪਰਮਜੀਤ ਸਿੰਘ ਵੀਰਜੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਕੁਝ ਚੇਲੇ ਆਪਣੇ ਨੇਤਾ ਨੂੰ "ਪੰਥ ਰਤਨ" ਦੇਣ ਦੀ ਮੰਗ ਕਰ ਰਹੇ ਹਨ। ਜਦਕਿ ਸੰਗਤ ਪੁੱਛ ਰਹੀ ਹੈ ਕਿ ਪੰਥ ਲਈ ਉਨ੍ਹਾਂ ਵਲੋਂ ਕੀ ਪ੍ਰਾਪਤੀ ਕੀਤੀ ਗਈ ਹੈ..? ਸਕੂਲਾਂ ਦੀ ਬੰਦਸ਼, ਅਧਿਆਪਕਾਂ ਦੇ ਬਕਾਏ, ਹਸਪਤਾਲਾਂ ਦੀ ਬਦਹਾਲੀ ਅਤੇ ਕਮੇਟੀ ਦੇ ਖਾਤਿਆਂ ਉੱਤੇ ਉੱਠ ਰਹੇ ਸਵਾਲ — ਕੀ ਇਹੀ ਪੰਥਕ ਪ੍ਰਾਪਤੀਆਂ ਹਨ..? ਅਖੀਰ ਵਿੱਚ ਉਨ੍ਹਾਂ ਚੁਭਵਾਂ ਵਿਅੰਗ ਕਰਦਿਆਂ ਕਿਹਾ ਪੰਥ ਰਤਨ ਦੀ ਮੰਗ ਕਰਨ ਵਾਲੇ ਚੇਲੇ ਸ਼ਾਇਦ ਇਹ ਵੀ ਦੱਸਣ ਕਿ ਕਾਲਕਾ ਸਾਹਿਬ ਦੀ ਸਭ ਤੋਂ ਵੱਡੀ ਉਪਲਬਧੀ ਕੀ ਹੈ..? ਕੀ 600 ਕਰੋੜ ਦਾ ਅਧਿਆਪਕ ਬਕਾਇਆ, ਬੰਦ ਹੋਏ ਸਕੂਲ-ਕਾਲਜ, ਬਦਹਾਲ ਹਸਪਤਾਲ ਜਾਂ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਜਾਣਾ..? ਜੇ ਇਹੀ ਮਾਪਦੰਡ ਹਨ ਤਾਂ ਫਿਰ ਸੰਗਤ ਨੂੰ 'ਪੰਥ ਰਤਨ' ਨਹੀਂ, 'ਵਿਵਾਦ ਰਤਨ' ਦਾ ਨਵਾਂ ਖ਼ਿਤਾਬ ਸ਼ੁਰੂ ਕਰਨਾ ਪਵੇਗਾ।"

ਆਵਾਜ਼ਿ ਕੌਮ AWAZE QAUM International Newspaper & WEB TV

## ਨੌਵੇਂ ਵਿਸ਼ਵ ਬਾਈ ਸਾਈਕਲ ਦਿਵਸ ਮੌਕੇ ਸਾਈਕਲ ਰੈਲੀ ਦਾ ਕੀਤਾ ਆਯੋਜਨ

ਹੁਸ਼ਿਆਰਪੁਰ : ਅੱਜ ਇੱਥੇ ਅਲਾਇੰਸ ਕਲੱਬ ਹੁਸ਼ਿਆਰਪੁਰ ਸਰਗਮ ਵੱਲੋਂ 9ਵੇਂ 'ਵਿਸ਼ਵ ਬਾਈ-ਸਾਇਕਲ ਦਿਵਸ' ਦੇ ਮੌਕੇ ਤੇ ਕਲੱਬ ਦੇ ਸਰਪਰਸਤ ਐਲੀ. ਅਸ਼ਵਨੀ ਕੁਮਾਰ ਦੱਤਾ ਦੀ ਪ੍ਰਧਾਨਗੀ ਹੇਠ ਇਕ ਬਾਈ-ਸਾਇਕਲ ਰੈਲੀ ਦਾ ਆਯੋਜਨ ਕੀਤਾ ਗਿਆ । ਇਸ ਦੇ ਮੁੱਖ ਮਹਿਮਾਨ ਇੰਟਰਨੈਸ਼ਨਲ ਵਾਇਸ ਪ੍ਰੈਜੀਡੈਂਟ - 2 ਐਲੀ. ਅਸ਼ੋਕ ਪੁਰੀ ਅਤੇ ਵਿਸ਼ਵ ਵਿਖਿਆਤ ਸਾਇਕਲ-ਲੀਸਟ ਬਲਰਾਜ ਸਿੰਘ ਚੋਹਾਨ ਸਨ । 9ਵੇਂ 'ਵਿਸ਼ਵ ਬਾਈ-ਸਾਇਕਲ ਰੈਲੀ ਵਿੱਚ ਆਈ.ਸੀ.ਸੀ. ਐਲੀ. ਡਾ ਐਮ. ਜਮੀਲ ਬਾਲੀ ਨੌਰਥ ਮਲਟੀਪਲ ਐਡਵਾਈਜ਼ਰ ਐਲੀ. ਰਮੇਸ਼ ਕੁਮਾਰ ਅਤੇ ਡਿਸਟ੍ਰਿਕ ਗਵਰਨਰ ਐਲੀ. ਹਰਜੀਤ ਸਿੰਘ ਮਠਾਰੂ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ । ਇਸ ਰੈਲੀ ਦੇ ਪ੍ਰੋਜੈਕਟ ਚੇਅਰਮੈਨ ਪਾਸਟ ਡਿਸਟ੍ਰਿਕ ਗਵਰਨਰ ਐਲੀ. ਵਿਵੇਕ ਸਾਹਨੀ ਅਤੇ ਸਰਗਮ ਦੇ ਐਲੀ. ਨਰਿੰਦਰ ਸਿੰਘ ਸਨ । 9ਵੇਂ 'ਵਿਸ਼ਵ ਬਾਈ-ਸਾਇਕਲ ਦਿਵਸ' ਦੇ ਮੌਕੇ ਤੇ ਮੰਥਨ ਕਰਦੇ ਹੋਏ ਐਲੀ. ਅਸ਼ੋਕ ਪੁਰੀ ਨੇ ਦੱਸਿਆ ਕਿ 1860 ਤੋਂ ਨੌਰਮਲ ਡਿਜ਼ਾਇਨ ਵਿੱਚ ਆਏ ਸਾਇਕਲ ਦੀ ਮਹੱਤਤਾ ਨੂੰ ਬਹੁਤ ਦੇਰ ਬਾਅਦ ਡਬਲਯੂ. ਐਚ.ਓ. ਨੇ 2018 ਵਿੱਚ 3 ਜੂਨ ਨੂੰ ਪਹਿਲੀ ਵਾਰ ਵਿਸ਼ਵ ਪੱਧਰ ਤੇ ਸਾਇਕਲ ਦੀ ਅਹਿਮੀਅਤ ਤੋਂ ਜਾਗਰੂਕ ਕਰਵਾਉਣ ਦਾ ਸੁਪਨਾ ਲਿਆ ਹੈ, ਉਹਨਾਂ ਕਿਹਾ ਕਿ ਇੱਕ ਆਮ ਸਾਇਕਲ ਮਨੁੱਖ ਨੂੰ ਯਾਤਾਯਾਤ, ਇੱਕਨੌਮੀਕਲ ਦੇ ਨਾਲ ਸਿਹਤ ਲਈ ਸਭ ਤੋਂ ਵੱਧ ਮੱਹਤਵਪੂਰਨ ਹੈ । ਇਸ ਮੌਕੇ ਤੇ ਬਲਰਾਜ ਸਿੰਘ ਚੋਹਾਨ ਨੇ ਆਪਣੇ ਤਜ਼ਰਬੇ ਸਾਂਝੇ ਕਰਦੇ ਹੋਏ ਦੱਸਿਆ ਕਿ ਉਹ ਹੁਣ ਤੱਕ 2 ਲੱਖ ਕਿਲੋਮੀਟਰ ਤੋਂ ਵੱਧ ਸਾਇਕਲ ਯਾਤਰਾ ਕਰਨ ਤੋਂ ਬਾਅਦ ਸੋਚਦੇ ਹਨ ਕਿ ਫਿਟਨੈਸ ਲਈ ਅਤੇ ਦਵਾਈਆਂ ਤੋਂ ਦੂਰ ਰਹਿਣ ਲਈ ਸਾਇਕਲ ਤੋਂ ਵਧੀਆਂ ਕੋਈ ਵੀ ਸਾਧਨ ਨਹੀਂ ਹੋ ਸਕਦਾ । ਇਸ ਮੌਕੇ ਤੇ ਐਲੀ. ਰਮੇਸ਼ ਕੁਮਾਰ ਦੇ ਯਤਨਾ ਨਾਲ 76 ਸਾਲ ਦੀ ਉਮਰ ਵਿੱਚ ਸਾਇਕਲਿੰਗ ਨੂੰ ਆਪਣਾ ਸਾਥੀ ਬਣਾਉਣ ਵਾਲੇ ਨਿੰਰਜਣ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਅੱਜ ਦੀ ਰੈਲੀ ਡਾ. ਬਾਲੀ ਹਸਪਤਾਲ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਕਲਗੀਧਰ ਸਾਹਿਬ, ਪ੍ਰਭਾਤ ਚੌਂਕ, ਸ਼੍ਰੀ ਭਗਵਾਨ ਰਾਮ ਚੌਂਕ (ਫਗਵਾੜਾ ਚੌਂਕ), ਮਾਤਾ ਚਿੰਤਪੁਰਨੀ ਚੌਂਕ, ਖਾਨਪੁਰੀ ਗੇਟ ਅਤੇ ਰੋਸ਼ਨ ਗਰਾਊਂਡ ਤੋਂ ਹੁੰਦੇ ਹੋਏ ਮਾਡਲ ਟਾਊਨ ਵਿਖੇ ਪਹੁੰਚੀ।

ਦਮਦਮੀ ਟਕਸਾਲ ਵਿਖੇ 42ਵੇਂ ਸ਼ਹੀਦੀ ਜੋੜ ਮੇਲੇ ਦੇ

# ਤੀਸਰੇ ਦਿਨ ਸਜੇ ਭਾਰੀ ਦੀਵਾਨ

## ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਹਜਾਰਾਂ ਦੀ ਤਦਾਦ ਵਿਚ ਜੁੜੀਆਂ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮਹਾਨ ਅਤੇ ਤਪੱਸਵੀ ਜੀਵਨ ਦਾ ਪਾਵਨ ਇਤਹਾਸ ਸਰਵਣ ਕਰਵਾਇਆ














**ਚੌਂਕ ਮਹਿਤਾ, 3 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਜੂਨ 1984 (ਤੀਸਰਾ ਘੱਲੂਘਾਰਾ) ਦੇ ਸਮੂਹ ਸ਼ਹੀਦਾਂ ਦੀ ਸਦੀਵੀ ਨੂੰ ਸਮਰਪਿਤ ਅੱਜ 42ਵਾਂ ਮਹਾਨ ਸ਼ਹੀਦੀ ਜੋੜ ਮੇਲਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਸੰਸਾਰ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੱਜ ਸ਼ਹੀਦੀ ਸਪਤਾਹ ਦੇ ਤੀਸਰੇ ਦਿਨ ਭਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਸ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਹਜਾਰਾਂ ਦੀ ਤਦਾਦ ਵਿਚ ਜੁੜੀਆਂ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮਹਾਨ ਅਤੇ ਤਪੱਸਵੀ ਜੀਵਨ ਦਾ ਪਾਵਨ ਇਤਹਾਸ ਸਰਵਣ ਕਰਵਾਇਆ। ਗਿਆਨੀ ਖਾਲਸਾ ਨੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਅਮਰ ਸ਼ਹੀਦ ਸੰਤ ਭਿੰਡਰਾਂਵਾਲਿਆਂ ਦੇ ਸ਼ਹੀਦੀ ਦਿਹਾੜਿਆ ਬਾਰੇ ਦੀ ਸਮੂਹ ਸੰਗਤਾਂ ਅਤੇ ਆਖਿਆ ਕਿਹਾ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਸਦਕਾ ਹੀ ਸਿੱਖ ਕੌਮ ਅੱਜ ਪੂਰੀ ਦੁਨੀਆਂ ਦੇ ਵਿਚ ਚੜਦੀ ਕਲਾ ਦੇ ਜੈਕਾਰੇ ਗਜਾ ਰਹੀ ਹੈ। ਉਨਾਂ ਕਿਹਾ ਕਿ 5 ਜੂਨ ਤਕ ਰੋਜਾਨਾ ਸ਼ਾਮ 4 ਤੋਂ 6 ਵਜੇ ਤੱਕ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲੇਗਾ। 6 ਜੂਨ ਨੂੰ 42ਵੇਂ ਮੁੱਖ ਅਤੇ ਮਹਾਨ ਸ਼ਹੀਦੀ ਸਮਾਗਮ ਵਿੱਚ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦਾ ਲਾਮਿਸਾਲ ਪੰਥਕ ਇਕੱਠ ਹੋਵੇਗਾ, ਜਿਸ ਦੌਰਾਨ ਪ੍ਰਮੁੱਖ ਧਾਰਮਿਕ ਹਸਤੀਆਂ ਤੇ ਸੰਗਤਾਂ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨਗੀਆਂ। ਗਿਆਨੀ ਖਾਲਸਾ ਨੇ ਸਮੂਹ ਸੰਗਤ ਨੂੰ ਇੰਨਾ ਸਮਾਗਮਾਂ ਵਿਚ ਵੱਧ ਚੜ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ। ਇਸ ਮੌਕੇ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਕਮਲਜੀਤ ਸਿੰਘ ਜਥੇ ਨੇ ਸਮੂਹ ਸੰਗਤਾਂ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸ੍ਰਵਨ ਕਰਵਾਇਆ ਗਿਆ। ਅੰਤ 'ਚ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਸਮਾਗਮ ਚ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਅਜਾਇਬ ਸਿੰਘ ਅਭਿਆਸੀ, ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਬੋਪਾਰਾਏ, ਦੀਆਂ ਸੰਤ ਬਾਬਾ ਬਲਵਿੰਦਰ ਸਿੰਘ ਡੁਮੇਲੀ ਵਾਲੇ,ਗਿਆਨੀ ਪ੍ਰਗਟ ਸਿੰਘ ਭੀਲੋਵਾਲ,ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ, ਸੰਤ ਬਾਬਾ ਗੁਰਦੇਵ ਸਿੰਘ ਜੀ ਡੇਰਾ ਭਗਤਾਂ ਦਾ ਤਰਸਿੱਕਾ, ਸੰਤ ਬਾਬਾ ਗੁਰਮੀਤ ਸਿੰਘ ਬੱਦੋਵਾਲ, ਬਾਬਾ ਨਵਤੇਜ ਸਿੰਘ ਚੇਲੇਆਣਾ ਸਾਹਿਬ, ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਬਾਬਾ ਸੁਖਵੰਤ ਸਿੰਘ ਚੰਨਣਕੇ, ਬਾਬਾ ਬਲਵਿੰਦਰ ਸਿੰਘ ਤਰਨਾ ਦਲ ਕੈਲੀਆਂ ਵਾਲੇ, ਸਰਪੰਚ ਕਸ਼ਮੀਰ ਸਿੰਘ ਕਾਲਾ ਮਹਿਤਾ,ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਰਜਿੰਦਰ ਸਿੰਘ ਸ਼ਾਹ, ਜੱਥੇ ਰਾਜਬੀਰ ਸਿੰਘ, ਜਤਿੰਦਰ ਸਿੰਘ ਲੱਧਾਮੁੰਡਾ, ਇਕਬਾਲ ਸਿੰਘ, ਗੁਰਮੀਤ ਸਿੰਘ ਮਾਨ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ, ਬਲਕਾਰ ਸਿੰਘ ਪੀ. ਬੀ. ਐੱਸ, ਪ੍ਰਿੰ. ਗੁਰਦੀਪ ਸਿੰਘ ਜਲਾਲਉਸਮਾਂ ਤੋਂ ਇਲਾਵਾ ਹਜਾਰਾਂ ਦੀ ਗਿਣਤੀ 'ਚ ਸੰਗਤਾਂ ਮੌਜੂਦ ਸਨ। ਸਮਾਪਤੀ ਦੀ ਅਰਦਾਸ ਬੇਨਤੀ ਗਿਆਨੀ ਰਵਿੰਦਰਪਾਲ ਸਿੰਘ ਰਾਜਸਥਾਨੀ ਨੇ ਕੀਤੀ।





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੂਨ 1984 ਦਾ ਘਲੂਘਾਰਾ: ਸਿੰਘ ਸਿੰਘਣੀਆਂ ਦੀ ਸ਼ਹਾਦਤ, ਸਿਦਕ ਅਤੇ ਖਾਲਸਾਈ ਜਜ਼ਬੇ ਦੀ ਅਮਰ ਮਿਸਾਲ: ਅਖੰਡ ਕੀਰਤਨੀ ਜਥਾ

# ਘਲੂਘਾਰੇ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਅਖੰਡ ਕੀਰਤਨੀ ਜੱਥੇ ਦੇ ਗੁਰਸਿੱਖ ਭਾਈ ਮਹਿੰਗਾ ਸਿੰਘ ਬੱਬਰ ਨੂੰ ਹੋਇਆ ਸੀ ਪ੍ਰਾਪਤ

ਨਵੀਂ ਦਿੱਲੀ 4 ਜੂਨ (ਮਨਪ੍ਰੀਤ ਸਿੰਘ ਖਾਲਸਾ):- 1 ਤੋਂ 6 ਜੂਨ 1984 ਦਾ ਘਲੂਘਾਰਾ ਸਿੱਖ ਇਤਿਹਾਸ ਦਾ ਇੱਕ ਅਤਿ ਦੁਖਦਾਈ ਪਰ ਮਹਾਨ ਸ਼ਹਾਦਤਾਂ ਨਾਲ ਭਰਪੂਰ ਅਧਿਆਇ ਹੈ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਈ ਫੌਜੀ ਕਾਰਵਾਈ ਦੌਰਾਨ ਅਨੇਕਾਂ ਗੁਰਸਿੱਖ ਸਿੰਘਾਂ ਅਤੇ ਸਿੰਘਣੀਆਂ ਨੇ ਗੁਰੂ ਘਰ ਦੀ ਆਨ, ਸ਼ਾਨ ਅਤੇ ਮਰਯਾਦਾ ਦੀ ਰੱਖਿਆ ਲਈ ਆਪਣੇ ਸੀਸ ਵਾਰ ਦਿੱਤੇ। ਅਖੰਡ ਕੀਰਤਨੀ ਜਥਾ ਵਿਸ਼ਵਵਿਆਪੀ 31 ਮੈਂਬਰੀ ਕਮੇਟੀ ਵਲੋਂ ਜਾਰੀ ਕੀਤੇ ਬਿਆਨ ਵਿਚ ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਇਸ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਥਾਰਾ ਸਿੰਘ, ਜਨਰਲ ਸੁਬੇਗ ਸਿੰਘ ਅਤੇ ਉਨ੍ਹਾਂ ਦੇ ਅਨੇਕ ਸਾਥੀਆਂ ਨੇ ਵੀ ਅਦੁੱਤੀ ਦ੍ਰਿੜਤਾ, ਨਿਡਰਤਾ ਅਤੇ ਗੁਰੂ ਪ੍ਰਤੀ ਅਟੁੱਟ ਸਮਰਪਣ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਨੇ ਆਪਣੇ ਅਖੀਰਲੇ ਸਾਹਾਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨਤਾ ਅਤੇ ਸਿੱਖ ਕੌਮ ਦੀ ਆਨ-ਸ਼ਾਨ ਦੀ ਰੱਖਿਆ ਲਈ ਅਡੋਲ ਰਹਿ ਕੇ ਇਤਿਹਾਸ ਵਿੱਚ ਵਿਲੱਖਣ ਮਿਸਾਲ ਕਾਇਮ ਕੀਤੀ। ਉਨ੍ਹਾਂ ਦੀ ਸ਼ਹਾਦਤ ਨੂੰ ਸਿੱਖ ਪੰਥ ਵਿੱਚ ਵੱਡੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਅਖੰਡ ਕੀਰਤਨੀ ਜੱਥੇ ਦੇ ਗੁਰਸਿੱਖਾਂ ਨੇ ਵੀ ਇਸ ਸੰਕਟ ਦੇ ਸਮੇਂ ਅਦੁੱਤੀ ਸਿਦਕ, ਨਿਡਰਤਾ ਅਤੇ ਗੁਰੂ ਪ੍ਰਤੀ ਅਟੁੱਟ ਪ੍ਰੇਮ ਦਾ ਪ੍ਰਗਟਾਵਾ ਕੀਤਾ। ਨਾਮ-ਬਾਣੀ ਵਿਚ ਰੰਗੇ ਹੋਏ ਇਨ੍ਹਾਂ ਗੁਰਮੁਖਾਂ ਨੇ ਸਾਬਤ ਕਰ ਦਿੱਤਾ ਕਿ ਖਾਲਸਾ ਕੇਵਲ ਕੀਰਤਨ ਕਰਨ ਵਾਲਾ ਹੀ ਨਹੀਂ, ਸਗੋਂ ਸਮਾਂ ਆਉਣ 'ਤੇ ਗੁਰੂ ਦੀ ਆਨ ਲਈ ਆਪਣਾ ਸਰਬੰਸ ਵਾਰ ਦੇਣ ਵਾਲਾ ਵੀ ਹੈ। ਉਹਨਾਂ ਨੇ ਆਪਣੀਆਂ ਸ਼ਹਾਦਤਾਂ ਨਾਲ ਸਿੱਖ ਇਤਿਹਾਸ ਦੇ ਪੰਨਿਆਂ ਉੱਤੇ ਅਜਿਹੀ ਅਮਿੱਟ ਛਾਪ ਛੱਡੀ ਹੈ ਜੋ ਸਦੀਆਂ ਤੱਕ ਪੰਥ ਨੂੰ ਪ੍ਰੇਰਨਾ ਦਿੰਦੀ ਰਹੇਗੀ।

ਇਸ ਘਲੂਘਾਰੇ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਅਖੰਡ ਕੀਰਤਨੀ ਜੱਥੇ ਦੇ ਮਹਾਨ ਗੁਰਸਿੱਖ ਭਾਈ ਮਹਿੰਗਾ ਸਿੰਘ ਬੱਬਰ ਨੂੰ ਪ੍ਰਾਪਤ ਹੈ। ਫੌਜੀ ਕਾਰਵਾਈ ਦੇ ਆਰੰਭ ਵਿੱਚ ਹੀ ਉਨ੍ਹਾਂ ਨੇ ਗੁਰੂ ਘਰ ਦੀ ਸੇਵਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ ਅਤੇ ਆਪਣੀ ਕੁਰਬਾਨੀ ਨਾਲ ਪੰਥ ਦੇ ਇਤਿਹਾਸ ਵਿੱਚ ਅਮਿੱਟ ਛਾਪ ਛੱਡੀ। ਉਨ੍ਹਾਂ ਦੀ ਸ਼ਹਾਦਤ ਸਿੱਖ ਕੌਮ ਲਈ ਸਿਦਕ, ਸੇਵਾ ਅਤੇ ਅਡੋਲਤਾ ਦਾ ਸਦੀਵੀ ਪ੍ਰੇਰਣਾ-ਸਰੋਤ ਹੈ। ਜੂਨ 1984 ਦੇ ਸਮੂਹ ਸ਼ਹੀਦ ਸਿੰਘਾਂ ਅਤੇ ਸਿੰਘਣੀਆਂ ਨੇ ਆਪਣੇ ਖ਼ੂਨ ਨਾਲ ਇਹ ਇਤਿਹਾਸ ਲਿਖਿਆ ਕਿ ਗੁਰੂ ਦਾ ਸਿੱਖ ਜ਼ੁਲਮ ਅੱਗੇ ਕਦੇ ਝੁਕਦਾ ਨਹੀਂ ਅਤੇ ਗੁਰੂ ਘਰ ਦੀ ਆਨ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਰਹਿੰਦਾ ਹੈ।ਉਨ੍ਹਾਂ ਦੀਆਂ ਸ਼ਹਾਦਤਾਂ ਕੇਵਲ ਸਿੱਖ ਕੌਮ ਦੀ ਧਰੋਹਰ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਹੌਸਲੇ, ਵਿਸ਼ਵਾਸ ਅਤੇ ਚੜ੍ਹਦੀ ਕਲਾ ਦਾ ਚਾਨਣ-ਮੁਨਾਰਾ ਹਨ। ਅਸੀਂ ਜੂਨ 1984 ਦੇ ਸਮੂਹ ਸ਼ਹੀਦ ਸਿੰਘਾਂ-ਸਿੰਘਣੀਆਂ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਉਨ੍ਹਾਂ ਦੇ ਸਾਥੀ ਸਿੰਘਾਂ ਅਤੇ ਅਖੰਡ ਕੀਰਤਨੀ ਜੱਥੇ ਦੇ ਸਮੂਹ ਸ਼ਹੀਦ ਗੁਰਸਿੱਖਾਂ ਦੀ ਮਹਾਨ ਸ਼ਹਾਦਤ ਨੂੰ ਸਤਿਕਾਰ ਸਹਿਤ ਨਮਨ ਕਰਦੇ ਹਾਂ। ਉਨ੍ਹਾਂ ਦੇ ਬਲਿਦਾਨ, ਸਿਦਕ ਅਤੇ ਗੁਰੂ ਪ੍ਰੇਮ ਨੂੰ ਕੋਟਿ-ਕੋਟਿ ਸਲਾਮ ਕਰਦੇ ਹਾਂ।

ਆਓ ਅਰਦਾਸ ਕਰੀਏ ਕਿ ਵਾਹਿਗੁਰੂ ਜੀ ਸਾਨੂੰ ਵੀ ਉਨ੍ਹਾਂ ਦੇ ਪਵਿੱਤਰ ਜੀਵਨ, ਅਡੋਲ ਵਿਸ਼ਵਾਸ ਅਤੇ ਚੜ੍ਹਦੀ ਕਲਾ ਤੋਂ ਸਿੱਖਣ ਦੀ ਦਾਤ ਬਖ਼ਸ਼ਣ ਅਤੇ ਪੰਥ ਨੂੰ ਸਦਾ ਗੁਰੂ ਚਰਨਾਂ ਨਾਲ ਜੋੜੀ ਰੱਖਣ।ਜੂਨ 1984 ਦੇ ਸਮੂਹ ਸ਼ਹੀਦ ਸਿੰਘਾਂ ਅਤੇ ਸਿੰਘਣੀਆਂ ਨੂੰ ਕੋਟਿ-ਕੋਟਿ ਪ੍ਰਣਾਮ।




ਨਾਮ-ਬਾਣੀ ਵਿਚ ਰੰਗੇ ਹੋਏ ਗੁਰਮੁਖਾਂ ਨੇ ਸਾਬਤ ਕੀਤਾ ਖਾਲਸਾ ਕੀਰਤਨ ਕਰਨ ਵਾਲਾ ਹੀ ਨਹੀਂ, ਸਮਾਂ ਆਉਣ 'ਤੇ ਗੁਰੂ ਦੀ ਆਨ ਲਈ ਆਪਣਾ ਸਰਬੰਸ ਵਾਰ ਦੇਣ ਵਾਲਾ ਵੀ ਹੈ

ਆਵਾਜ਼ਿ ਕੌਮ AWAZE QAUM International Newspaper & WEB TV

## ਪਾਰਟ ਟਾਇਮ ਸਫਾਈ ਸੇਵਕ ਮੁਲਾਜਮ ਯੂਨੀਅਨ ਪੰਜਾਬ ਨੇ

# ਮੁੱਖ ਮੰਤਰੀ ਦੇ ਨਾਮ ਤੇ ਦਿੱਤਾ ਮੰਗ ਪੱਤਰ ਦਿੱਤਾ




**ਧੂਰੀ ( ਰਣਜੀਤ ਸਿੰਘ ਪੇਧਨੀ )**-ਪਾਰਟ ਟਾਇਮ ਸਫਾਈ ਸੇਵਕ ਮੁਲਾਜਮ ਯੂਨੀਅਨ ਪੰਜਾਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ 'ਤੇ ਆਪਣੀਆਂ ਜਾਇਜ਼ ਮੰਗਾਂ ਸੰਬੰਧੀ ਇੱਕ ਮੰਗ ਪੱਤਰ ਮੁੱਖ ਮੰਤਰੀ ਦਫ਼ਤਰ ਇੰਚਾਰਜ ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ ਨੂੰ ਦਿੱਤਾ ਗਿਆ। ਜਥੇਬੰਦੀ ਦੇ ਆਗੂਆਂ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਹੈ ਕਿ ਪੀ,ਐਸ,ਪੀ,ਸੀ ਐਲ ਅਤੇ ਪੀ, ਐਸ,ਪੀ,ਸੀ,ਐਲ ਵਿਚ ਸਫਾਈ ਕਰਮਚਾਰੀ ਦੇ ਤੌਰ 'ਤੇ 20-25 ਸਾਲ ਤੋਂ ਰੈਗੂਲਰ ਕੰਮ ਕਰਦੇ ਆ ਰਹੇ ਹਨ । ਜੋ ਕਿ 5 ਹਜਾਰ ਤੱਕ ਦੀਆਂ ਨਿਗੁਣੀਆਂ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ, ਜਿਸ ਦੇ ਨਾਲ ਪਰਿਵਾਰ ਦਾ ਗੁਜਾਰਾ ਬਹੁਤ ਮੁਸਕਿਲ ਵਿਚ ਹੋ ਰਿਹਾ ਹੈ। ਆਗੂਆਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕਰਦੇ ਹਾਂ ਕਿ ਜਿਸ ਤਰ੍ਹਾਂ ਪਹਿਲਾਂ 360 ਕਰਮਚਾਰੀਆਂ ਨੂੰ ਪੱਕਾ ਕੀਤਾ ਗਿਆ ਹੈ ਉਸੇ ਹੀ ਪੋਲਸੀ ਮੁਤਾਬਿਕ ਸਾਨੂੰ ਰੈਗੂਲਰ ਕੀਤਾ ਜਾਵੇ। ਇਸ ਮੌਕੇ ਚੇਅਰਮੈਨ ਸੁਰਿੰਦਰ ਸਿੰਘ, ਸੂਬਾ ਪ੍ਰਧਾਨ ਸੁਦੇਸ਼ ਕੁਮਾਰ, ਜਸਪਾਲ ਸਿੰਘ, ਬਲਵਿੰਦਰ ਸਿੰਘ ਧੂਰੀ,ਜੀਵਨ ਸਿੰਘ ਬਖੋਪੀਰ ,ਪਰਮਜੀਤ ਸਿੰਘ ਸੰਗਰੂਰ, ਬਲਵਿੰਦਰ ਸਿੰਘ ਮੁਕਤਸਰ, ਸੋਨੂ ਬਰਨਾਲਾ, ਬੱਬਨਪਾਲ ਪਟਿਆਲਾ, ਮਹਿੰਦਰ ਸਿੰਘ ਜਲਾਲਾਬਾਦ, ਸਤਪਾਲ ਸਿੰਘ ਮੂਣਕ, ਬਲਵਿੰਦਰ ਸਿੰਘ ਪਟਿਆਲਾ ਫੌਜੀ, ਬੇਅੰਤ ਸਿੰਘ, ਜੋਰਾ ਸਿੰਘ ਮਲੇਰ ਕੋਟਲਾ, ਪਤਾਸੋ ਦੇਵੀ, ਅਸ਼ੋਕ ਕੁਮਾਰ ਫਿਰੋਜ਼ਪੁਰ, ਸਤਪਾਲ ਗੁਰੂਹਰਸਰਾਏ, ਸਤਿਨਾਮ ਸਿੰਘ ਬਰਨਾਲਾ, ਰੁਕਵਲ ਸਿੰਘ ਗੁਰਦਾਸਪੁਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਮਾਰਟ ਕਲਾਸ ਕਮਰੇ ਦੀ ਵਰਤੋਂ ਸਬੰਧੀ ਅਧਿਆਪਨ ਸਟਾਫ਼ ਲਈ ਵਰਕਸ਼ਾਪ ਕਰਵਾਈ



**ਧੂਰੀ, ( ਰਣਜੀਤ ਸਿੰਘ ਪੇਧਨੀ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਵਿਦਿਆਰਥੀਆਂ ਲਈ 18 ਕਲਾਸ ਕਮਰਿਆਂ ਨੂੰ ਸਮਾਰਟ ਕਲਾਸ ਕਮਰਿਆਂ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ। ਜਲਦ ਹੀ ਸ਼ੁਰੂ ਹੋਣ ਵਾਲੇ ਨਵੇਂ ਵਿੱਦਿਅਕ ਸੈਸ਼ਨ ਵਿੱਚ ਇਨ੍ਹਾਂ ਕਲਾਸ ਕਮਰਿਆਂ ਨੂੰ ਸੁਚਾਰੂ ਢੰਗ ਨਾਲ ਵਰਤਣ ਲਈ ਕਾਲਜ ਕੈਂਪਸ ਵਿਖੇ ਅਧਿਆਪਕਾਂ ਲਈ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਟੈਕਨੋ ਕਲਾਸ ਕੰਪਨੀ ਵੱਲੋਂ ਸ੍ਰੀ ਸੰਦੀਪ ਕੁਮਾਰ ਸਮਾਰਟ ਕਲਾਸ ਕਮਰਿਆਂ ਨੂੰ ਵਰਤਣ ਬਾਰੇ ਸਿਖਲਾਈ ਦੇਣ ਲਈ ਪਹੁੰਚੇ। ਉਨ੍ਹਾਂ ਨੇ ਵਰਕਸ਼ਾਪ ਦੌਰਾਨ ਸਮਾਰਟ ਕਲਾਸ ਕਮਰੇ ਵਿੱਚ ਕੰਪਿਊਟਰ, ਇੰਟਰਨੈੱਟ, ਸਮਾਰਟ ਬੋਰਡ, ਪ੍ਰੋਜੈਕਟਰ, ਡਿਜੀਟਲ ਸਮਗਰੀ, ਐੱਲ.ਈ.ਡੀ. ਵਿਦਿਆਰਥੀ ਸਿੱਖਿਆ ਲਈ ਸੁਚੱਜੇ ਢੰਗ ਨਾਲ ਵਰਤਣ ਸਬੰਧੀ ਜਾਣਕਾਰੀ ਸਾਂਝੀ ਕੀਤੀ। ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਵੱਲੋਂ ਮੁੱਖ ਬੁਲਾਰੇ ਦਾ ਧੰਨਵਾਦ ਕੀਤਾ ਗਿਆ ਤੇ ਉਮੀਦ ਪ੍ਰਗਟ ਕੀਤੀ ਕਿ ਸਮਾਰਟ ਕਲਾਸਾਂ ਜਰੀਏ ਵਿਦਿਆਰਥੀ ਪੂਰਾ ਲਾਭ ਉਠਾਉਣਗੇ ਅਤੇ ਅਧਿਆਪਕ ਵੀ ਤਕਨੀਕੀ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਵਿੱਚ ਵਧੇਰੇ ਕਾਰਗਰ ਸਾਬਤ ਹੋਣਗੇ। ਇਸ ਮੌਕੇ ਕਾਲਜ ਦਾ ਸਮੂਹ ਅਧਿਆਪਨ ਅਮਲਾ ਹਾਜ਼ਰ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਦਾਰ ਸਕੱਤਰ ਸਿੰਘ ਬੱਲ (ਪੀਸੀਐਸ) ਸਠਿਆਲਾ ਵੱਲੋਂ ਸਿੱਖਿਅਕ ਅਹੁਦੇ ਸੰਭਾਲਣ ਤੇ ਸਿੱਖਿਆ ਸਮੱਸਿਆਵਾਂ ਵਿੱਚ ਹੋਵੇਗਾ ਸੁਧਾਰ - ਰਾਸਾ ਯੂਕੇ



**ਚੌਕ ਮਹਿਤਾ, 4 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਰੈਕੋਗਨਾਈਜਡ ਐਫੀਲੀਏਟਿਡ ਸਕੂਲਜ ਐਸੋਸੀਏਸ਼ਨ ਪੰਜਾਬ ਰਾਸਾ ਯੂਕੇ ਦੀ ਟੀਮ ਵੱਲੋਂ ਮਾਨਯੋਗ ਸਕੱਤਰ ਸਿੰਘ ਜੀ ਬੱਲ (ਪੀਸੀਐਸ) ਸਠਿਆਲਾ ਨੂੰ ਡਾਇਰੈਕਟਰ , ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ਅਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਨਿਯੁਕਤ ਹੋਣ ਤੇ ਦਿਲੀ ਮੁਬਾਰਕਬਾਦ ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਰਾਸਾ ਯੂਕੇ ਦੀ ਟੀਮ ਵੱਲੋਂ ਕਿਹਾ ਗਿਆ ਕਿ ਮਾਨਯੋਗ ਸਕੱਤਰ ਸਿੰਘ ਜੀ ਸਿੱਖਿਆ ਦੇ ਖੇਤਰ ਵਿੱਚ ਜ਼ਮੀਨੀ ਪੱਧਰ ਤੇ ਜੁੜੇ ਹੋਏ ਹਨ ਅਤੇ ਸਿੱਖਿਆ ਦੇ ਖੇਤਰ ਨਾਲ ਸਬੰਧਤ ਸਮੱਸਿਆਵਾਂ ਨੂੰ ਬਰੀਕੀ ਨਾਲ ਸਮਝਦੇ ਹਨ ਆਸ ਹੈ ਕਿ ਇਹਨਾਂ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਉਸਾਰੂ ਕੰਮਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ ।ਇਸ ਮੌਕੇ ਰਾਸਾ ਯੂਕੇ ਦੀ ਟੀਮ ਵਿੱਚ ਪ੍ਰਿੰਸੀਪਲ ਐਚ ਐਸ ਕਠਾਨੀਆ ਵਾਈਸ ਚੇਅਰਮੈਨ ਰਾਸਾ ਪੰਜਾਬ। ਪ੍ਰਿੰਸੀਪਲ ਰਵੀ ਸ਼ਰਮਾ ਪੰਜਾਬ ਪ੍ਰਧਾਨ ਪੰਜਾਬ ਰਾਸਾ ਯੂਕੇ ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ ਜਨਰਲ ਸਕੱਤਰ ਪੰਜਾਬ ਰਾਸਾ ਯੂਕੇ ਪ੍ਰਿੰਸੀਪਲ ਰਵਿੰਦਰ ਪਠਾਨੀਆ। ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ। ਪ੍ਰਿੰਸੀਪਲ ਵਿਕਰਮ ਗੁਪਤਾ ਸਲਾਹਕਾਰ ਪੰਜਾਬ ਰਾਸਾ ਯੂਕੇ ਆਦਿ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੇ ਜਨਮ ਦਿਹਾੜੇ ਤੇ ਪਿੰਗਲਵਾੜਾ ਸੰਗਰੂਰ ਵੱਲੋਂ ਛਬੀਲ ਲਗਾਈ ਗਈ

ਸੰਗਰੂਰ : ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਮੁੱਖ ਸੇਵਾਦਾਰ ਡਾ ਇੰਦਰਜੀਤ ਕੌਰ ਜੀ ਦੀ ਰਹਿਨੁਮਾਈ ਹੇਠ ਸਥਾਪਿਤ ਸਥਾਨਿਕ ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਸੰਗਰੂਰ ਵੱਲੋਂ ਭਗਤ ਪੂਰਨ ਸਿੰਘ ਜੀ ਦੇ 122 ਵੇਂ ਜਨਮ ਦਿਹਾੜੇ ਮੌਕੇ ਛਬੀਲ ਲਗਾਈ ਗਈ। ਸ਼ਾਖਾ ਦੇ ਮੁੱਖ ਪ੍ਰਬੰਧਕ ਸ੍ ਤਰਲੋਚਨ ਸਿੰਘ ਚੀਮਾ ਨੇ ਇਸ ਛਬੀਲ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਸੁਰਿੰਦਰ ਪਾਲ ਸਿੰਘ ਸਿਦਕੀ ਪੀ ਆਰ ਓ, ਜਰਨੈਲ ਸਿੰਘ ਅਕੋਈ, ਮੇਜਰ ਸਿੰਘ ਧੂਰੀ, ਪ੍ਰਿੰਸੀਪਲ ਬਲਵੰਤ ਸਿੰਘ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ ਪ੍ਰਬੰਧਕੀ ਟੀਮ ਦੇ ਮੈਂਬਰ ਹਾਜ਼ਰ ਸਨ। ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ ਉਪਾਸਨਾ, ਰਾਣੀ ਬਾਲਾ, ਪ੍ਰੇਮ ਲਤਾ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਅਤੇ ਪਿੰਗਲਵਾੜਾ ਪਰਿਵਾਰ ਦੇ ਮੈਂਬਰਾਂ ਨੇ ਰਾਹਗੀਰਾਂ ਨੂੰ ਠੰਡੇ ਮਿੱਠੇ ਜਲ, ਜਲ ਜੀਰਾ ਆਦਿ ਛਕਾਇਆ। ਇਸ ਮੌਕੇ ਤੇ ਡਾ ਜਗਦੀਪ ਸਿੰਘ ਜੈਨਪੁਰ, ਕੁਲਵੰਤ ਸਿੰਘ ਬੱਗੀ, ਗੁਰਮੇਲ ਸਿੰਘ, ਸੁਖਦੇਵ ਸਿੰਘ ਭੋਲਾ ਢਢੋਗਲ, ਜਗਰੂਪ ਸਿੰਘ ਫੌਜੀ ਬੇਨੜਾ, ਹਰਜਿੰਦਰ ਸਿੰਘ ਸੋਹੀ ਮਾਝੀ, ਬਲਜੀਤ ਸਿੰਘ ਹਰਦਾਸਪੁਰਾ ਨੇ ਆਪਣੇ ਸਾਥੀਆਂ ਅਤੇ ਨੌਜਵਾਨਾਂ ਸਮੇਤ ਪਹੁੰਚ ਕੇ ਇਸ ਸੇਵਾ ਕਾਰਜ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ। ਮੱਖਣ ਸਿੰਘ ਅਤੇ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸਟੇਜ ਸੰਚਾਲਨ ਕੀਤਾ ਜਦੋਂ ਕਿ ਗੁਰਮੇਲ ਸਿੰਘ, ਗੁਰਸੇਵਕ ਸਿੰਘ, ਸਰਬਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਨਿੱਕਾ ਸਿੰਘ, ਗੁਰਤੇਜ ਸਿੰਘ, ਮਨਦੀਪ ਕੌਰ ਚੱਠੇ, ਅਮਨਦੀਪ ਕੌਰ, ਰਿਤੂ, ਲਵੀ, ਸਤਗੁਰ ਸਿੰਘ ਆਦਿ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਫਿਰੋਜ਼ਪੁਰ ਦੇ ਗੁਰਦੁਆਰਾ ਜਾਮਨੀ ਸਾਹਿਬ ਵਿਖੇ

# 6 ਜੂਨ ਨੂੰ ਮਨਾਇਆ ਜਾਵੇਗਾ 42ਵਾਂ ਸ਼ਹੀਦੀ ਸਮਾਗਮ




**ਫ਼ਿਰੋਜ਼ਪੁਰ, 04 ਜੂਨ (ਮਨੋਹਰ ਲਾਲ)** :— ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਜਾਮਨੀ ਸਾਹਿਬ ਫਿਰੋਜ਼ਪੁਰ ਵਿਖੇ 42ਵਾਂ ਸ਼ਹੀਦੀ ਸਮਾਗਮ ਉਲੀਕਿਆ ਗਿਆ ਹੈ। ਇਹ ਸਮਾਗਮ ਮਿਤੀ 6 ਜੂਨ 2026, ਦਿਨ ਸ਼ਨੀਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਸਵੇਰੇ 9 ਵਜੇ ਪਾਏ ਜਾਣਗੇ, ਜਿਸ ਉਪਰੰਤ 10 ਵਜੇ ਸ਼ਬਦ ਕੀਰਤਨ ਦਾ ਪ੍ਰਵਾਹ ਚੱਲੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਦੌਰਾਨ ਸ਼ਹੀਦੀ ਇਤਿਹਾਸ ਦੀ ਕਥਾ ਸੁਣਾਈ ਜਾਵੇਗੀ ਅਤੇ ਸਵੇਰੇ 11 ਵਜੇ ਤੱਕ ਪੰਥਕ ਕਵੀਸ਼ਰੀ ਜਥੇ ਵੱਲੋਂ ਸੰਗਤਾਂ ਨੂੰ ਸ਼ਹੀਦਾਂ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਸ਼ਹੀਦੀ ਸਮਾਗਮ ਵਿੱਚ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਗੁਰਬਾਣੀ ਤੇ ਇਤਿਹਾਸ ਸਰਵਣ ਕਰਨ। ਇਸ ਮੌਕੇ ਤੇ ਡਾਕਟਰ ਮੁਖਤਿਆਰ ਸਿੰਘ ਭੁੱਲਰ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਭਰਾਤਾ ਅਮਰ ਸ਼ਹੀਦ ਭਾਈ ਅਵਤਾਰ ਸਿੰਘ ਧੀਰਾ ਪੱਤਰਾ ਫਿਰੋਜਪੁਰ ਦੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਆਰੰਭ ਕਰਵਾਏ ਗਏ। ਇਸ ਮੌਕੇ ਤੇ ਡਾਕਟਰ ਮੁਖਤਿਆਰ ਸਿੰਘ ਭੁੱਲਰ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੇ ਭਾਈ ਜਸਬੀਰ ਸਿੰਘ ਭੁੱਲਰ ਹਲਕਾ ਇੰਚਾਰਜ ਸ਼ਹਿਰੀ ਡਾਕਟਰ ਮੋਹਨ ਸਿੰਘ ਲਾਲਕਾ ਮੈਨੇਜਰ ਬਲਵਿੰਦਰ ਸਿੰਘ ਜਸਪਾਲ ਸਿੰਘ ਪੰਥਕ ਕੌਂਸਲ ਮੈਂਬਰ ਚਰਨਜੀਤ ਸਿੰਘ ਭੁੱਲਰ, ਬਲਵਿੰਦਰ ਸਿੰਘ ਸੂਬਾ ਕਦੀਮ ਸੁਖਜੀਤ ਸਿੰਘ ਭੁੱਲਰ ਆਦਿ ਆਗੂਆਂ ਨੇ ਅਪੀਲ ਕੀਤੀ ਕਿ ਵੱਧ ਤੋਂ ਵੱਧ ਸੰਗਤਾਂ ਗੁਰਦੁਆਰਾ ਜਾਮਨੀ ਸਾਹਿਬ ਛੇ ਜੂਨ ਨੂੰ ਪਹੁੰਚ ਕੇ ਆਪਣੀ ਹਾਜਰੀ ਲਵਾਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਆਵਾਜ਼ਿ ਕੌਮ AWAZE QAUM International Newspaper & WEB TV

### ਅਮਨਦੀਪ ਹਸਪਤਾਲ ਫਿਰੋਜ਼ਪੁਰ ਨੇ ਉਜਾਲਾ ਸਿਗਨਸ ਨਾਲ ਸਾਂਝੇਦਾਰੀ ਵਿੱਚ

# ਖੇਤਰ ਦੀ ਪਹਿਲੀ ਪਲਮਨਰੀ ਐਂਬੋਲਿਜ਼ਮ ਰਿਸਪਾਂਸ ਟੀਮ ਦੀ ਸ਼ੁਰੂਆਤ ਕੀਤੀ




ਫ਼ਿਰੋਜ਼ਪੁਰ, 04 ਜੂਨ (ਮਨੋਹਰ ਲਾਲ) :— ਐਮਰਜੈਂਸੀ ਕਾਰਡੀਓਵੈਸਕੁਲਰ ਦੇਖਭਾਲ ਵਿੱਚ ਇੱਕ ਮਹੱਤਵਪੂਰਨ ਤਰੱਕੀ ਵਿੱਚ ਅਮਨਦੀਪ ਹਸਪਤਾਲ ਫਿਰੋਜ਼ਪੁਰ ਨੇ ਉਜਾਲਾ ਸਿਗਨਸ ਹਸਪਤਾਲਾਂ ਨਾਲ ਸਾਂਝੇਦਾਰੀ ਵਿੱਚ, ਖੇਤਰ ਦੀ ਪਹਿਲੀ ਪਲਮਨਰੀ ਐਂਬੋਲਿਜ਼ਮ ਰਿਸਪਾਂਸ ਟੀਮ ਦੀ ਸਥਾਪਨਾ ਕੀਤੀ ਹੈ, ਜੋ ਕਿ ਪਲਮਨਰੀ ਐਂਬੋਲਿਜ਼ਮ ਤੋਂ ਪੀੜਤ ਮਰੀਜ਼ਾਂ ਲਈ ਤੇਜ਼ ਨਿਦਾਨ ਅਤੇ ਉੱਨਤ ਇਲਾਜ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਇੱਕ ਸਮਰਪਿਤ ਬਹੁ—ਅਨੁਸ਼ਾਸਨੀ ਟੀਮ ਹੈ, ਜੋ ਕਿ ਖੂਨ ਦੇ ਥੱਕਿਆਂ ਦੁਆਰਾ ਪਲਮਨਰੀ ਧਮਨੀਆਂ ਵਿੱਚ ਰੁਕਾਵਟ ਕਾਰਨ ਹੋਣ ਵਾਲੀ ਇੱਕ ਸੰਭਾਵੀ ਤੌਰ ਤੇ ਜਾਨਲੇਵਾ ਸਥਿਤੀ ਹੈ। ਨਵੀਂ ਬਣੀ ਪੀ.ਈ.ਆਰ.ਟੀ ਸਮੇਂ ਸਿਰ, ਸਬੂਤ ਅਧਾਰਤ, ਅਤੇ ਤਾਲਮੇਲ ਵਾਲੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਕਈ ਵਿਸ਼ਿਆਂ ਦੇ ਮਾਹਰਾਂ ਨੂੰ ਇਕੱਠਾ ਕਰਦੀ ਹੈ ਅਤੇ ਇਸ ਵਿੱਚ ਡਾ: ਹਕੀਮ ਇਰਫਾਨ ਸ਼ੌਕਤ ਸੀਨੀਅਰ ਸਲਾਹਕਾਰ ਇੰਟਰਵੈਂਸ਼ਨਲ ਕਾਰਡੀਓਲੋਜਿਸਟ ਅਤੇ ਡਾਇਰੈਕਟਰ ਕੈਥ ਲੈਬ ਅਤੇ ਡਾ: ਜਗਜੀਤ ਸਿੰਘ ਸਲਾਹਕਾਰ ਅਨੱਸਥੀਸੀਆ ਅਤੇ ਕ੍ਰਿਟੀਕਲ ਕੇਅਰ ਸ਼ਾਮਲ ਹਨ।

ਪਲਮਨਰੀ ਐਂਬੋਲਿਜ਼ਮ ਇੱਕ ਡਾਕਟਰੀ ਐਮਰਜੈਂਸੀ ਹੈ ਜਿਸਦੀ ਪਛਾਣ ਅਤੇ ਇਲਾਜ ਨਾ ਕੀਤੇ ਜਾਣ ਤੇ ਅਚਾਨਕ ਵਿਗੜਨਾ, ਦਿਲ ਦੀ ਅਸਫਲਤਾ ਅਤੇ ਮੌਤ ਹੋ ਸਕਦੀ ਹੈ, ਜਿਸ ਵਿੱਚ ਆਮ ਲੱਛਣ ਸ਼ਾਮਲ ਹਨ ਜਿਵੇਂ ਕਿ ਸਾਹ ਚੜ੍ਹਨਾ, ਛਾਤੀ ਵਿੱਚ ਦਰਦ ਖਾਸ ਕਰਕੇ ਡੂੰਘੇ ਸਾਹ ਲੈਣ ਤੇ, ਤੇਜ਼ ਦਿਲ ਦੀ ਧੜਕਣ ਜਾਂ ਧੜਕਣ, ਅਣਜਾਣ ਚੱਕਰ ਆਉਣਾ ਜਾਂ ਬੇਹੋਸ਼ੀ ਕਈ ਵਾਰ ਖੂਨ ਨਾਲ ਰੰਗੇ ਹੋਏ ਥੁੱਕ ਦੇ ਨਾਲ ਖੰਘ ਅਤੇ ਡੂੰਘੀ ਨਾੜੀ ਥ੍ਰੋਮੋਬਸਿਸ ਦੇ ਕਾਰਨ ਲੱਤਾਂ ਵਿੱਚ ਸੋਜ ਜਾਂ ਦਰਦ। ਗੱਲਬਾਤ ਕਰਦਿਆਂ ਮਾਹਿਰ ਡਾਕਟਰਾਂ ਨੇ ਕਿਹਾ ਕਿ ਬਦਕਿਸਮਤੀ ਨਾਲ ਇਨ੍ਹਾਂ ਲੱਛਣਾਂ ਨੂੰ ਅਕਸਰ ਹੋਰ ਸਥਿਤੀਆਂ ਲਈ ਗਲਤ ਸਮਝਿਆ ਜਾਂਦਾ ਹੈ, ਜਿਸ ਨਾਲ ਨਿਦਾਨ ਅਤੇ ਇਲਾਜ ਵਿੱਚ ਦੇਰੀ ਹੁੰਦੀ ਹੈ, ਜਦੋਂ ਕਿ ਜਲਦੀ ਪਛਾਣ ਅਤੇ ਤੁਰੰਤ ਡਾਕਟਰੀ ਸਹਾਇਤਾ ਨਤੀਜਿਆਂ ਵਿੱਚ ਮਹੱਤਵਪੂਰਨ ਸੁਧਾਰ ਕਰ ਸਕਦੀ ਹੈ ਅਤੇ ਜਾਨਾਂ ਬਚਾ ਸਕਦੀ ਹੈ। ਪੀ.ਈ.ਆਰ.ਟੀ ਮਾਡਲ ਨੂੰ ਦੁਨੀਆ ਭਰ ਦੇ ਪ੍ਰਮੁੱਖ ਕੇਂਦਰਾਂ ਵਿੱਚ ਸਫਲਤਾਪੂਰਵਕ ਅਪਣਾਇਆ ਗਿਆ ਹੈ ਅਤੇ ਮਾਹਿਰਾਂ ਨੂੰ ਹਰੇਕ ਮਰੀਜ਼ ਦਾ ਤੇਜ਼ੀ ਨਾਲ ਮੁਲਾਂਕਣ ਕਰਨ ਅਤੇ ਇੱਕ ਵਿਅਕਤੀਗਤ ਇਲਾਜ ਰਣਨੀਤੀ ਤਿਆਰ ਕਰਨ ਦੇ ਯੋਗ ਬਣਾਉਂਦਾ ਹੈ, ਜਿਸ ਵਿੱਚ ਇਲਾਜ ਵਿਕਲਪ ਸ਼ਾਮਲ ਹਨ ਜਿਸ ਵਿੱਚ ਐਂਟੀਕੋਏਗੂਲੇਸ਼ਨ, ਕੈਥੀਟਰ ਨਿਰਦੇਸ਼ਿਤ ਥ੍ਰੋਮੋਲਾਈਸਿਸ, ਮਕੈਨੀਕਲ ਥ੍ਰੋਮਬੈਕਟੋਮੀ, ਸਰਜੀਕਲ ਪਲਮਨਰੀ ਐਂਬੋਲੈਕਟੋਮੀ, ਅਤੇ ਥੱਕੇ ਦੇ ਭਾਰ ਦੀ ਗੰਭੀਰਤਾ ਅਤੇ ਮਰੀਜ਼ ਦੀ ਸਥਿਤੀ ਦੇ ਆਧਾਰ ਤੇ ਐਡਵਾਂਸਡ ਹੀਮੋਡਾਇਨਾਮਿਕ ਸਹਾਇਤਾ ਸ਼ਾਮਲ ਹੈ। ਉਜਾਲਾ ਸਿਗਨਸ ਨਾਲ ਸਾਂਝੇਦਾਰੀ ਵਿੱਚ ਅਮਨਦੀਪ ਹਸਪਤਾਲਾਂ ਦੀ ਡਾਇਰੈਕਟਰ ਡਾ: ਅਮਨਦੀਪ ਕੌਰ ਨੇ ਕਿਹਾ ਪਲਮਨਰੀ ਐਂਬੋਲਿਜ਼ਮ ਇੱਕ ਨਾਜ਼ੁਕ ਸਥਿਤੀ ਹੈ ਜਿੱਥੇ ਹਰ ਮਿੰਟ ਮਾਇਨੇ ਰੱਖਦਾ ਹੈ। ਉਜਾਲਾ ਸਿਗਨਸ ਹਸਪਤਾਲਾਂ ਨਾਲ ਸਾਂਝੇਦਾਰੀ ਵਿੱਚ ਪੰਜਾਬ ਦਾ ਪਹਿਲਾ ਪੀ.ਈ.ਆਰ.ਟੀ ਲਾਂਚ ਕਰਕੇ ਅਸੀਂ ਇੱਕ ਸਮਰਪਿਤ ਪ੍ਰਣਾਲੀ ਬਣਾ ਰਹੇ ਹਾਂ ਜੋ ਫੈਸਲੇ ਲੈਣ ਵਿੱਚ ਦੇਰੀ ਨੂੰ ਦੂਰ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਮਰੀਜ਼ਾਂ ਨੂੰ ਸਹੀ ਸਮੇਂ ਤੇ ਸਹੀ ਇਲਾਜ ਮਿਲੇ। ਇਹ ਸਹਿਯੋਗ ਖੇਤਰ ਵਿੱਚ ਪੀ.ਈ ਦੇਖਭਾਲ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਨ ਲਈ ਕਲੀਨਿਕਲ ਉੱਤਮਤਾ ਅਤੇ ਐਮਰਜੈਂਸੀ ਤਿਆਰੀ ਨੂੰ ਇਕੱਠਾ ਕਰਦਾ ਹੈ। ਸਾਡਾ ਟੀਚਾ ਸਰਲ ਹੈ: ਤੇਜ਼, ਤਾਲਮੇਲ ਅਤੇ ਉੱਨਤ ਦਖਲ ਅੰਦਾਜ਼ੀ ਦੁਆਰਾ ਵਧੇਰੇ ਜਾਨਾਂ ਬਚਾਓ। ਉੱਨਤ ਇਮੇਜਿੰਗ, ਇੰਟਰਵੈਂਸ਼ਨਲ ਕਾਰਡੀਓਲੋਜੀ, ਕਾਰਡੀਅਕ ਸਰਜਰੀ, ਕ੍ਰਿਟੀਕਲ ਕੇਅਰ ਅਤੇ ਅਨੱਸਥੀਸੀਆ ਸੇਵਾਵਾਂ ਦੀ ਚੌਵੀ ਘੰਟੇ ਉਪਲਬਧਤਾ ਦੇ ਨਾਲ ਅਮਨਦੀਪ ਹਸਪਤਾਲ ਫਿਰੋਜ਼ਪੁਰ, ਉਜਾਲਾ ਸਿਗਨਸ ਹਸਪਤਾਲਾਂ ਨਾਲ ਸਾਂਝੇਦਾਰੀ ਵਿੱਚ ਹੁਣ ਪਲਮਨਰੀ ਐਂਬੋਲਿਜ਼ਮ ਦੇ ਤੇਜ਼ ਅਤੇ ਵਿਆਪਕ ਪ੍ਰਬੰਧਨ ਦੀ ਪੇਸ਼ਕਸ਼ ਕਰਨ ਬਚਾਅ ਵਿੱਚ ਸੁਧਾਰ ਕਰਨ ਅਤੇ ਲੰਬੇ ਸਮੇਂ ਦੀਆਂ ਪੇਚੀਦਗੀਆਂ ਨੂੰ ਘਟਾਉਣ ਲਈ ਵਿਲੱਖਣ ਤੌਰ ਤੇ ਸਥਿਤੀ ਵਿੱਚ ਹੈ। ਰੀਜਨਜ਼ ਫਸਟ ਪੀ.ਈ.ਆਰ.ਟੀ ਦੀ ਸ਼ੁਰੂਆਤ ਅਮਨਦੀਪ ਹਸਪਤਾਲ ਅਤੇ ਉਜਾਲਾ ਸਿਗਨਸ ਹਸਪਤਾਲਾਂ ਦੀ ਸਾਂਝੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ ਤਾਂ ਜੋ ਪੰਜਾਬ ਅਤੇ ਗੁਆਂਢੀ ਖੇਤਰਾਂ ਦੇ ਲੋਕਾਂ ਨੂੰ ਅਤਿ ਆਧੁਨਿਕ ਕਾਰਡੀਓਵੈਸਕੁਲਰ ਅਤੇ ਐਮਰਜੈਂਸੀ ਦੇਖਭਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

# ਪੰਜਾਬ ਸਰਕਾਰ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰੇ—ਦਵਿੰਦਰ ਸਿੰਘ ਸੇਖੋਂ





ਫ਼ਿਰੋਜ਼ਪੁਰ, 04 ਜੂਨ (ਮਨੋਹਰ ਲਾਲ) :— ਮਿਸਲ ਸਤਲੁਜ ਜਥੇਬੰਦੀ ਦੇ ਜਨਰਲ ਸਕੱਤਰ ਦਵਿੰਦਰ ਪਾਲ ਸਿੰਘ ਸੇਖੋਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਿਰੋਜ਼ਪੁਰ ਦੇ ਸੇਵਾ ਕੇਂਦਰਾਂ ਵਿੱਚ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਤੁਰੰਤ ਰੈਗੂਲਰ ਕੀਤੀਆਂ ਜਾਣ ਅਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਯੋਗ ਵਾਧਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਕਰਮਚਾਰੀ ਲੰਮੇ ਸਮੇਂ ਤੋਂ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਨਾ ਤਾਂ ਨੌਕਰੀ ਦੀ ਸੁਰੱਖਿਆ ਮਿਲ ਰਹੀ ਹੈ ਅਤੇ ਨਾ ਹੀ ਉਨ੍ਹਾਂ ਦੀ ਮਿਹਨਤ ਦੇ ਅਨੁਸਾਰ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ । ਗੱਲਬਾਤ ਕਰਦਿਆਂ ਦਵਿੰਦਰ ਪਾਲ ਸਿੰਘ ਸੇਖੋਂ ਨੇ ਮੌਜੂਦਾ ਠੇਕਾ ਪ੍ਰਣਾਲੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਹ ਪ੍ਰਣਾਲੀ ਕਰਮਚਾਰੀਆਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਠੇਕੇਦਾਰੀ ਪ੍ਰਣਾਲੀ ਦੇ ਨਾਮ ਹੇਠ ਮਿਹਨਤੀ ਅਤੇ ਇਮਾਨਦਾਰ ਕਾਮਿਆਂ ਦੀ ਕਮਾਈ 'ਤੇ ਡਾਕਾ ਮਾਰਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਪੂਰਾ ਮੁੱਲ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਅਜਿਹੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਅਪਣਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਲੋਕਤੰਤਰੀ ਢੰਗ ਨਾਲ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ ਮਿਸਲ ਸਤਲੁਜ ਦੇ ਮੀਤ ਪ੍ਰਧਾਨ ਹਰਦੀਪ ਸਿੰਘ ਡੋਡ, ਕਰਨੈਲ ਸਿੰਘ ਭਾਵੜਾ, ਐਡਵੋਕੇਟ ਕੁਲਵਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਜਸਨੂਰ ਸਿੰਘ ਬਰਾੜ ਯੂਥ ਸਕੱਤਰ ਫਿਰੋਜ਼ਪੁਰ, ਪ੍ਰਿਤਪਾਲ ਸਿੰਘ, ਗੁਰਪ੍ਰੇਮ ਸਿੰਘ ਪਤਲੀ, ਜਸਪ੍ਰੀਤ ਸਿੰਘ ਮਿੰਟਾ ਅਤੇ ਸਰਬਜੀਤ ਸਿੰਘ ਸਮੇਤ ਹੋਰ ਆਗੂ ਅਤੇ ਕਰਮਚਾਰੀ ਵੀ ਹਾਜ਼ਰ ਸਨ।

# 6 ਜੂਨ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਮਨਾਇਆ ਜਾਵੇਗਾ ਸਾਲਾਨਾ ਸ਼ਹੀਦੀ ਸਮਾਗਮ—ਮਾਲਵਾ, ਮਾਂਝਾ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ



ਫ਼ਿਰੋਜ਼ਪੁਰ, 04 ਜੂਨ (ਮਨੋਹਰ ਲਾਲ) :— ਜੂਨ 1984 ਦੇ ਸਿੱਖ ਘੱਲੂਘਾਰੇ ਦੀ 42ਵੀਂ ਬਰਸੀ ਦੇ ਸਬੰਧ ਵਿੱਚ ਦਮਦਮੀ ਟਕਸਾਲ ਦੇ ਮੁੱਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ (ਅੰਮ੍ਰਿਤਸਰ) ਵਿਖੇ 6 ਜੂਨ ਨੂੰ ਸਾਲਾਨਾ ਸ਼ਹੀਦੀ ਸਮਾਗਮ ਬੜੀ ਸ਼ਰਧਾ ਅਤੇ ਖ਼ਾਲਸਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਦੱਸਿਆ ਕਿ ਇਹ ਸਮਾਗਮ 20ਵੀਂ ਸਦੀ ਦੇ ਮਹਾਨ ਕੌਮੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸਮੂਹ ਸ਼ਹੀਦਾਂ ਦੀ ਨਿੱਘੀ ਯਾਦ ਵਿੱਚ ਉਲੀਕਿਆ ਗਿਆ ਹੈ। ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸ਼੍ਰੀਮਾਨ ਸੰਤ ਗਿਆਨੀ ਬਾਬਾ ਹਰਨਾਮ ਸਿੰਘ ਖ਼ਾਲਸਾ ਜੀ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਇਸ ਵਿਸ਼ਾਲ ਸਮਾਗਮ ਲਈ ਦੇਸ਼—ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ ਖ਼ਾਲਸਾ ਨੇ ਕਿਹਾ ਕਿ ਮਾਲਵਾ ਅਤੇ ਮਾਝੇ ਦੇ ਵੱਖ—ਵੱਖ ਜ਼ਿਲ੍ਹਿਆਂ (ਫਿਰੋਜ਼ਪੁਰ, ਫ਼ਾਜ਼ਿਲਕਾ, ਅਬੋਹਰ, ਫ਼ਰੀਦਕੋਟ, ਬਠਿੰਡਾ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਮਾਨਸਾ, ਸੰਗਰੂਰ, ਪਟਿਆਲਾ ਅਤੇ ਰੋਪੜ) ਦੇ ਜਥੇਦਾਰਾਂ ਨਾਲ ਮੀਟਿੰਗ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਨੇ 6 ਜੂਨ ਨੂੰ ਸੰਗਤਾਂ ਸਮੇਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਪਹੁੰਚਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਵਿਚ ਪੰਜਾਬ ਸਮੇਤ ਚੰਡੀਗੜ੍ਹ ਅਤੇ ਹਰਿਆਣਾ—ਰਾਜਸਥਾਨ ਤੋਂ ਵੱਡੀ ਗਿਣਤੀ ਸੰਗਤਾਂ ਪੁੱਜ ਰਹੀਆਂ ਹਨ। ਇਸ ਤੋਂ ਇਲਾਵਾ ਫਿਰੋਜ਼ਪੁਰ ਵਿਖੇ ਹੋਈ ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਪੰਥਕ ਆਗੂਆਂ ਨੇ ਸੰਗਤਾਂ ਨੂੰ ਪਰਿਵਾਰਾਂ ਸਮੇਤ ਵੱਧ—ਚੜ੍ਹ ਕੇ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਜਥੇਦਾਰ ਗਿਆਨੀ ਸੁਖਦੇਵ ਸਿੰਘ ਖ਼ਾਲਸਾ ਨੇ ਇਹ ਵੀ ਦੱਸਿਆ ਕਿ ਲੁਧਿਆਣਾ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਵੀ ਭਾਰੀ ਗਿਣਤੀ ਵਿੱਚ ਕਾਫ਼ਲਿਆਂ ਦੇ ਰੂਪ ਵਿੱਚ ਪਹੁੰਚਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਜੂਨ 1984 ਦਾ ਘੱਲੂਘਾਰਾ ਸਿੱਖ ਇਤਿਹਾਸ ਦਾ ਉਹ ਨਾਸੂਰ ਹੈ ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਅਤੇ ਪ੍ਰਬੰਧਕੀ ਕਮੇਟੀ ਨੇ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਇਸ ਮਹਾਨ ਸ਼ਹੀਦੀ ਪੁਰਬ ਤੇ ਹਾਜ਼ਰੀਆਂ ਭਰਨ ਦਾ ਨਿੱਘਾ ਸੱਦਾ ਦਿੱਤਾ ਹੈ।

### ਆਰਥਿਕ ਮੰਦੀ ਦੌਰਾਨ ਨੌਜਵਾਨ ਪੀੜ੍ਹੀ ਨੂੰ ਵੱਡੀ ਰਾਹਤ ਦੇਣ ਲਈ

# ਦੇਸ਼ ਅੰਦਰ 'ਹਫ਼ਤਾਵਾਰੀ ਤਨਖ਼ਾਹ ਸਿਸਟਮ ਲਾਗੂ ਕੀਤਾ ਜਾਵੇ: ਕਰਨੈਲ ਸਿੰਘ ਪੀਰ ਮੁਹੰਮਦ

**☛ ਵਿਦੇਸ਼ਾਂ ਦੀ ਤਰਜ਼ 'ਤੇ ਸਰਕਾਰੀ ਅਤੇ ਕਾਰਪੋਰੇਟ ਅਦਾਰਿਆਂ ਅੰਦਰ ਤਨਖ਼ਾਹਾਂ ਦੇ ਸਿਸਟਮ ਵਿੱਚ ਵੱਡੇ ਬਦਲਾਅ ਦੀ ਲੋੜ। ☛ ਅਜੋਕੀ ਨੌਜਵਾਨ ਪੀੜ੍ਹੀ ਦੇ ਬਦਲਦੇ ਖ਼ਰਚਿਆਂ ਅਤੇ ਆਰਥਿਕ ਬੋਝ ਨੂੰ ਘਟਾਉਣ ਵਿੱਚ ਮਿਲੇਗੀ ਵੱਡੀ ਮਦਦ**




**ਚੰਡੀਗੜ੍ਹ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਦੁਨੀਆਂ ਭਰ ਵਿੱਚ ਚੱਲ ਰਹੀ ਆਰਥਿਕ ਮੰਦੀ (ਰਿਸੈਸ਼ਨ) ਕਾਰਨ ਆਮ ਲੋਕ ਅਤੇ ਖ਼ਾਸ ਕਰਕੇ ਨੌਜਵਾਨ ਵਰਗ ਬੇਹੱਦ ਪਰੇਸ਼ਾਨੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਅੰਦਰ ਕਾਰਪੋਰੇਟ ਕੰਪਨੀਆਂ ਅਤੇ ਸਰਕਾਰੀ ਅਦਾਰਿਆਂ ਵਿੱਚ ਤਨਖ਼ਾਹ ਦੇ ਰਵਾਇਤੀ ਮਹੀਨਾਵਾਰ ਸਿਸਟਮ ਨੂੰ ਬਦਲਣ ਦੀ ਬੇਹੱਦ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਇੱਥੋਂ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਕੀਤਾ।

ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਇੱਕ ਅਹਿਮ ਸੁਝਾਅ ਦਿੰਦਿਆਂ ਆਖਿਆ ਕਿ ਜਿਸ ਤਰ੍ਹਾਂ ਵਿਦੇਸ਼ਾਂ (ਵਿਕਸਿਤ ਮੁਲਕਾਂ) ਅੰਦਰ ਹਫ਼ਤੇ ਦੇ ਹਫ਼ਤੇ ਤਨਖ਼ਾਹ ਦੇਣ ਦੀ ਪ੍ਰਕਿਰਿਆ ਲਾਗੂ ਹੈ, ਉਸੀ ਤਰਜ਼ 'ਤੇ ਹੁਣ ਸਾਡੇ ਦੇਸ਼ ਅੰਦਰ ਵੀ ਇਹੋ ਜਿਹਾ ਸਿਸਟਮ ਤੁਰੰਤ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਰਮਚਾਰੀਆਂ ਨੂੰ ਹਰ ਹਫ਼ਤੇ ਬਾਅਦ ਤਨਖ਼ਾਹ ਮਿਲਣੀ ਸ਼ੁਰੂ ਹੋ ਜਾਵੇ, ਤਾਂ ਇਸ ਨਾਲ ਦੇਸ਼ ਦੀ ਆਰਥਿਕਤਾ ਅਤੇ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਵੱਡਾ ਸੁਧਾਰ ਆਵੇਗਾ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਅਜੋਕੀ ਨੌਜਵਾਨ ਪੀੜ੍ਹੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਦੇ ਨੌਜਵਾਨਾਂ ਦੇ ਖ਼ਰਚੇ ਪਹਿਲੀਆਂ ਪੀੜ੍ਹੀਆਂ ਨਾਲੋਂ ਬਿਲਕੁਲ ਅਲੱਗ ਕਿਸਮ ਦੇ ਹਨ। ਡਿਜੀਟਲ ਯੁੱਗ, ਸਿੱਖਿਆ, ਰਹਿਣ-ਸਹਿਣ ਅਤੇ ਰੋਜ਼ਾਨਾ ਦੀਆਂ ਲੋੜਾਂ ਕਾਰਨ ਉਨ੍ਹਾਂ 'ਤੇ ਆਰਥਿਕ ਬੋਝ ਲਗਾਤਾਰ ਵਧ ਰਿਹਾ ਹੈ। ਮਹੀਨੇ ਦੇ ਆਖ਼ਰ ਤੱਕ ਉਡੀਕ ਕਰਨ ਕਾਰਨ ਨੌਜਵਾਨਾਂ ਨੂੰ ਕਈ ਵਾਰ ਮਾਨਸਿਕ ਅਤੇ ਵਿੱਤੀ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਪੀਰ ਮੁਹੰਮਦ ਨੇ ਜ਼ੋਰ ਦੇ ਕੇ ਕਿਹਾ, "ਜੇਕਰ ਹਫ਼ਤਾਵਾਰੀ ਤਨਖ਼ਾਹ ਪ੍ਰਣਾਲੀ ਲਾਗੂ ਹੁੰਦੀ ਹੈ, ਤਾਂ ਨੌਜਵਾਨਾਂ ਦੇ ਹੱਥ ਵਿੱਚ ਪੈਸੇ ਦੀ ਆਮਦ ਨਿਰੰਤਰ ਬਣੀ ਰਹੇਗੀ, ਜਿਸ ਨਾਲ ਉਹ ਆਪਣੇ ਖ਼ਰਚਿਆਂ ਨੂੰ ਬਿਹਤਰ ਤਰੀਕੇ ਨਾਲ ਮੈਨੇਜ ਕਰ ਸਕਣਗੇ ਅਤੇ ਉਨ੍ਹਾਂ ਨੂੰ ਬੇਹੱਦ ਰਾਹਤ ਮਿਲੇਗੀ।"

ਉਨ੍ਹਾਂ ਕੇਂਦਰ ਅਤੇ ਰਾਜ ਸਰਕਾਰਾਂ ਸਮੇਤ ਕਾਰਪੋਰੇਟ ਜਗਤ ਦੇ ਨੀਤੀ-ਘਾੜਿਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਵਿਸ਼ਵਵਿਆਪੀ ਮੰਦੀ ਦੇ ਪ੍ਰਭਾਵਾਂ ਨੂੰ ਘਟਾਉਣ ਅਤੇ ਰੁਜ਼ਗਾਰ ਕਰ ਰਹੇ ਨੌਜਵਾਨਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਇਸ ਸੁਝਾਅ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ।

# ਕਹਿੰਦੇ ਮੋਦੀ , ਆਹ ਸਾਧ ਵਾਲੀ ਕਰੇਗਾ ਦੇਸ਼ ਨਾਲ - ਕਰਨੈਲ ਸਿੰਘ ਪੰਜੋਲੀ

ਵੱਡੇ ਬਜ਼ੁਰਗ ਸਣਾਉਦੇ ਸਨ ਕਿ ਇੱਕ ਵਾਰ ਇੱਕ ਦੇਸ਼ ਦਾ ਰਾਜਾ ਮਰ ਗਿਆ । ਉਸ ਦੇ ਕੋਈ ਉਲਾਦ ਨਹੀਂ ਸੀ । ਰਾਜ ਦਰਬਾਰ ਵਿੱਚ ਚਰਚਾ ਸ਼ੁਰੂ ਹੋਈ ਕਿ ਕਿਸਨੂੰ ਰਾਜਾ ਬਣਾਇਆ ਜਾਵੇ । ਵਜ਼ੀਰਾਂ ਮੁਸੀਰਾ ,





ਅਹਿਲਕਾਰਾਂ ਨੇ ਸਲਾਹ ਮਸ਼ਵਰਾ ਕਰਕੇ ਫੈਸਲਾ ਕਰ ਲਿਆ ਕਿ ਸਵੇਰੇ ਕਿਲੇ ਦਾ ਵੱਡਾ ਦਰਵੱਜਾ ਖੋਲਣ ਸਮੇਂ ਜਿਹੜਾ ਵੀ ਬੰਦਾ ਪਹਿਲਾਂ ਮਿਲੇ ਉਸ ਨੂੰ ਬਾਦਸ਼ਾਹ ਬਣਾ ਦਿੱਤਾ ਜਾਵੇ । ਸਵੇਰੇ ਵੱਡਾ ਗੇਟ ਖੋਲਿਆ ਇੱਕ ਸਾਧੂ ਦਰਵਾਜ਼ੇ ਨਾਲ ਢੂਹ ਲਾਈ ਪਿਆ ਸੀ । ਉਸ ਨੂੰ ਉਠਾਇਆ ਗਿਆ ਅਤੇ ਮਹਿਲਾਂ ਵਿੱਚ ਚੱਲਣ ਲਈ ਕਿਹਾ । ਸਾਧੂ ਵਿਚਾਰਾ ਅਪਣਾ ਕਰਮੰਡਲ ਫੜਕੇ ਤੁਰ ਪਿਆ । ਸਾਧੂ ਨੂੰ ਰਾਜ ਤਿਲਕ ਲਾ ਬਾਦਸ਼ਾਹੀ ਗੱਦੀ ਉੱਤੇ ਬਿਠਾ ਦਿੱਤਾ । ਸਮਾਂ ਚੱਲਦਾ ਗਿਆ , ਇੱਕ ਦਿਨ ਵਿਰੋਧੀ ਦੇਸ਼ ਨੇ ਹਮਲਾ ਕਰ ਦਿੱਤਾ । ਫੌਜ ਦਾ ਮੁਖੀ ਬਾਦਸ਼ਾਹ ਪਾਸ ਆਇਆ ਕਿ ਬਾਦਸ਼ਾਹ ਸਲਾਮਤ , ਦੁਸ਼ਮਣ ਨੇ ਹਮਲਾ ਕਰ ਦਿੱਤਾ । ਉਸ ਦੀਆਂ ਫ਼ੌਜਾਂ ਮਾਰੋ ਮਾਰ ਕਰਦੀਆਂ ਆ ਰਹੀਆਂ ਹਨ । ਸਾਨੂੰ ਹਮਲਾ ਕਰਨ ਦੀਆਂ ਆਗਿਆ ਦਿਓ , ਬਾਦਸ਼ਾਹ ਕਹਿਣ ਲੱਗਿਆ ਕੌਈ ਨਹੀਂ ਆ ਜਾਣ ਦਿਓ । ਫੋਜ ਮੁਖੀ ਨੇ ਦਬਾਰਾ ਆ ਕੇ ਫਿਰ ਕਿਹਾ ਬਾਦਸ਼ਾਹ ਸਲਾਮਤ ਦੁਸ਼ਮਣ ਦੀ ਫੌਜ ਸ਼ਹਿਰ ਵਿੱਚ ਵੜ ਗਈ । ਸਾਨੂੰ ਹਮਲਾ ਕਰਨ ਦੀ ਆਗਿਆ ਦਿਓ । ਬਾਦਸ਼ਾਹ ਕਹਿਣ ਲੱਗਿਆ ਕੋਈ ਬਾਤ ਨਹੀਂ ਆ ਜਾਣ ਦਿਓ । ਥੋੜੀ ਦੇਰ ਬਾਅਦ ਫੋਜ ਮੁਖੀ ਫੇਰ ਆਇਆ , ਬਾਦਸ਼ਾਹ ਸਲਾਮਤ ਦੁਸ਼ਮਣ ਦੀ ਫੌਜ ਕਿਲੇ ਦੇ ਨੇੜੇ ਆ ਗਈ ਹੈ । ਵਜ਼ੀਰਾਂ , ਮੁਸੀਰਾ ਅਹਿਲਕਾਰਾਂ ਨੇ ਸਮਝਿਆ ਕਿ ਬਾਦਸ਼ਾਹ ਪਾਸ ਕੌਈ ਕਰਾਮਾਤ ਹੋਏਗੀ , ਜਿਹੜਾ ਦੁਸ਼ਮਣ ਦੀ ਫੌਜ ਨਾਲ ਲੜਨ ਦੀ ਆਗਿਆ ਨਹੀਂ ਦੇ ਰਿਹਾ । ਫੌਜ ਮੁਖੀ ਫਿਰ ਆਇਆ ਬਾਦਸ਼ਾਹ ਸਲਾਮਤ ਦੁਸ਼ਮਣ ਫੌਜਾ ਕਿਲੇ ਵਿੱਚ ਵੜ ਗਈਆ , ਹਮਲਾ ਕਰਨ ਦੀ ਆਗਿਆ ਦਿਓ । ਬਾਦਸ਼ਾਹ ਕਹਿਣ ਲੱਗਾ ਮੇਰਾ ਕਰਮੰਡਲ ਮੈਨੂੰ ਦਿਓ ਤੁਸੀਂ ਵੇਖ ਲਵੋ ਕੀ ਕਰਨਾ ਹੈ । ਇਹ ਮੋਦੀ , ਯੋਗੀ ਵੀ ਸਾਰੇ ਦੇਸ਼ ਨਾਲ ਇਹ ਹੀ ਕੁੱਝ ਕਰਨਗੇ । ਅਜਿਹਾ ਕੁੱਝ ਵਾਪਰੇ , ਪਹਿਲਾਂ ਹੀ ਖੇਤਰੀ ਪਾਰਟੀਆਂ ਨੂੰ ਇੱਕ ਫਰੰਟ ਬਣਾਕੇ ਅਗਲੀਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ । ਏਜੰਡਾ ਮਿੱਥਣਾ ਚਾਹੀਦਾ ਹੈ ਫੈਡਰਲ ਢਾਂਚੇ ਦਾ ।

# ਕੇਂਦਰ ਦੀਆਂ ਗਲਤ ਨੀਤੀਆਂ ਕਾਰਣ ਆਰਥਿਕ ਕੰਗਾਲੀ ਦੀ ਕਗਾਰ ਤੇ ਪਹੁੰਚ ਚੁੱਕੈ ਦੇਸ਼- ਜੀਤਮਹਿੰਦਰ ਸਿੰਘ ਸਿੱਧੂ



ਤਲਵੰਡੀ ਸਾਬੋ, 04 ਜੂਨ (ਗੁਰਜੰਟ ਸਿੰਘ ਨਥੇਹਾ)- ਭਾਰਤ ਨੂੰ ਆਰਥਿਕ ਪੱਖੋਂ ਦੁਨੀਆਂ ਦਾ ਚੌਥਾ ਸ਼ਕਤੀਸ਼ਾਲੀ ਦੇਸ਼ ਬਣਾਉਣ ਦੇ ਦਾਅਵੇ ਕਰਦੀ ਰਹੀ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਦੇ ਚਲਦਿਆਂ ਅੱਜ ਦੇਸ਼ ਆਰਥਿਕ ਕੰਗਾਲੀ ਦੀ ਕਗਾਰ 'ਤੇ ਪਹੁੰਚ ਚੁੱਕਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਗੱਲਬਾਤ ਦੌਰਾਨ ਕੀਤਾ। ਸਿੱਧੂ ਜੋ ਕਿ ਆਪਣੇ ਪੁਰਾਣੇ ਸਾਥੀ ਤੇ ਬਾਰ ਐਸੋਸੀਏਸ਼ਨ ਤਲਵੰਡੀ ਸਾਬੋ ਦੇ ਪ੍ਰਧਾਨ ਰਹੇ ਐਡਵੋਕੇਟ ਜਗਦੀਪ ਸਿੰਘ ਪੂਨੀਆ ਅਤੇ ਐਡਵੋਕੇਟ ਹਰਦੀਪ ਸਿੰਘ ਪੂਨੀਆ ਦੇ ਪਿਤਾ ਰੰਗਾ ਸਿੰਘ ਪੂਨੀਆ ਦੀ ਅੰਤਿਮ ਅਰਦਾਸ 'ਚ ਸ਼ਮੂਲੀਅਤ ਕਰਨ ਪਿੰਡ ਗਿਆਨਾ ਪੁੱਜੇ ਸਨ ਨੇ ਬਾਅਦ 'ਚ ਇੱਥੇ ਗੱਲਬਾਤ ਕਰਦਿਆਂ ਕਿਹਾ ਕਿ ਖਾੜੀ ਜੰਗ ਤੋਂ ਬਾਅਦ ਬਣੇ ਹਾਲਾਤਾਂ ਨਾਲ ਨਿਪਟਣ ਚ ਸਰਕਾਰ ਬੁਰੀ ਤਰ੍ਹਾਂ ਫੇਲ ਰਹੀ ਤੇ ਹਾਲਾਤ ਇਹ ਬਣ ਗਏ ਨੇ ਕਿ ਦੇਸ਼ ਦੀ ਕਰੰਸੀ ਰੁਪਿਆ ਅੱਜ ਏਸ਼ੀਆ ਦੀ ਸਭ ਤੋਂ ਥੱਲੇ ਜਾ ਰਹੀ ਕਰੰਸੀ 'ਚ ਸ਼ਾਮਿਲ ਹੋ ਗਿਐ ਜੋ ਮੰਦਭਾਗਾ ਹੈ ਤੇ ਚਿੰਤਾਜਨਕ ਵੀ ਉਨਾਂ ਕਿਹਾ ਕਿ ਲੋਕਾਂ ਅਤੇ ਵਪਾਰੀਆਂ 'ਚ ਸਹਿਮ ਦਾ ਮਾਹੌਲ ਹੈ ਕਿ ਉਨਾਂ ਦੇ ਬੈਂਕ ਖਾਤਿਆਂ ਚੋਂ ਵੀ ਉਨਾਂ ਨੂੰ ਲੋੜੀਂਦਾ ਪੈਸਾ ਕੱਢ ਕੇ ਦੇਣ 'ਚ ਬੈਂਕਾਂ ਅਸਮੱਰਥ ਹਨ ਤੇ ਸਭ ਤੋਂ ਗੰਭੀਰ ਸਥਿੱਤੀ ਇਹ ਕਿ ਜਦੋਂ ਦੇਸ਼ ਆਰਥਿਕ ਪੱਖੋਂ ਕਮਜ਼ੋਰ ਹੋ ਰਿਹੈ ਤਾਂ ਕੇਂਦਰੀ ਖਜ਼ਾਨਾ ਮੰਤਰੀ ਵੱਲੋਂ ਕੋਈ ਬਿਆਨ ਤੱਕ ਜਾਰੀ ਨਹੀ ਕੀਤਾ ਜਾ ਰਿਹਾ। ਸਿੱਧੂ ਨੇ ਕਿਹਾ ਕਿ ਮੰਦੀ ਦੇ ਇਸ ਦੌਰ 'ਚ ਦੇਸ਼ ਦੇ ਲੋਕਾਂ ਨੂੰ ਆਰਥਿਕ ਮਾਹਿਰ ਵਜੋਂ ਜਾਣੇ ਜਾਂਦੇ ਮਰਹੂਮ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਦੀ ਯਾਦ ਆ ਰਹੀ ਹੈ। ਉਨਾਂ ਕੇਂਦਰ ਤੋਂ ਮੰਗ ਕੀਤੀ ਕਿ ਹਾਲਾਤਾਂ ਬਾਰੇ ਲੋਕਾਂ ਨੂੰ ਸਪੱਸ਼ਟ ਦੱਸਿਆ ਜਾਵੇ। ਇਸ ਮੌਕੇ ਉਨਾਂ ਨਾਲ ਹਲਕੇ 'ਚੋਂ ਕਾਂਗਰਸੀ ਆਗੂ ਮਨਜੀਤ ਸਿੰਘ ਲਾਲੇਆਣਾ ਹਲਕਾ ਪ੍ਰਧਾਨ ਜੱਟਮਹਾਂ ਸਭਾ,ਧਰਵਿੰਦਰ ਢਿੱਲੋਂ ਗਿਆਨਾ, ਗੁਰਜੀਵਨ ਸਿੰਘ ਗਾਟਵਾਲੀ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਰਾਮਾਂ, ਐਡਵੋਕੇਟ ਅਵਤਾਰ ਸਿੰਘ ਸਿੱਧੂ ਬੁਰਜ ਸੇਮਾ, ਕ੍ਰਿਸ਼ਨ ਯਾਦਵ, ਐਡਵੋਕੇਟ ਗੁਰਤੇਜ ਸਿੰਘ ਭਾਗੀਵਾਂਦਰ, ਗੁਰਾਂਦਿੱਤਾ ਸਿੰਘ ਸੀਂਗੋ, ਹੈਪੀ ਬਹਿਮਣ, ਗੋਰਾ ਵਕੀਲ ਲਾਲੇਆਣਾ, ਬਲਵੀਰ ਗਿਆਨਾ, ਹਰਪਾਲ ਪੰਚ ਗਾਟਵਾਲੀ, ਸੁਖਦੀਪ ਸਿੰਘ ਕਣਕਵਾਲ, ਸੇਵਕ ਤੰਗਰਾਲੀ ਆਦਿ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਪਰੇਸ਼ਨ ਬਲੂ ਸਟਾਰ ਦੇ ਜ਼ਖ਼ਮ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ: ਕਾਲਕਾ, ਕਾਹਲੋਂ

# ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰਨਾ ਸਮੂਹ ਸਿੱਖ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ

**ਨਵੀਂ ਦਿੱਲੀ, 4 ਜੂਨ (ਮਨਪ੍ਰੀਤ ਸਿੰਘ ਖਾਲਸਾ):**- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਪਰੇਸ਼ਨ ਬਲੂ ਸਟਾਰ ਦੌਰਾਨ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਜੂਨ 1984 ਦੇ ਅਪਰੇਸ਼ਨ ਬਲੂ ਸਟਾਰ ਦੇ ਜ਼ਖ਼ਮ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ। ਸੰਗਤ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਅਪਰੇਸ਼ਨ ਬਲੂ ਸਟਾਰ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਅਤੇ ਬੇਗੁਨਾਹ ਲੋਕਾਂ ਦੀਆਂ ਜਾਨਾਂ ਗਈਆਂ। ਉਨ੍ਹਾਂ ਕਿਹਾ ਕਿ ਇਸ ਘਟਨਾ ਅਤੇ ਉਸ ਤੋਂ ਬਾਅਦ ਹੋਏ 1984 ਦੇ ਸਿੱਖ ਵਿਰੋਧੀ ਦੰਗਿਆਂ ਨੇ ਸਿੱਖ ਕੌਮ ਨੂੰ ਡੂੰਘੇ ਜ਼ਖ਼ਮ ਦਿੱਤੇ, ਜੋ ਅੱਜ ਵੀ ਤਾਜ਼ਾ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰਨਾ ਸਮੂਹ ਸਿੱਖ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ ਹੈ। ਨਾਲ ਹੀ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ, ਸ਼ਹਾਦਤਾਂ ਅਤੇ ਕੌਮ ਦੇ ਸੰਘਰਸ਼ਾਂ ਨਾਲ ਜਾਣੂ ਕਰਵਾਉਣਾ ਵੀ ਲਾਜ਼ਮੀ ਹੈ। ਕਾਲਕਾ ਅਤੇ ਕਾਹਲੋਂ ਨੇ ਸਿੱਖ ਜਥੇਬੰਦੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਨੂੰ ਅਪੀਲ ਕੀਤੀ ਕਿ ਕੌਮ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਏਕਤਾ ਨੂੰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਇਕਜੁੱਟਤਾ ਨਾਲ ਹੀ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਦਾ ਹੱਲ ਸੰਭਵ ਹੋ ਸਕੇਗਾ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਭਾਈ ਰਣਜੀਤ ਸਿੰਘ ਨੇ ਅਰਦਾਸ ਕੀਤੀ। ਸਮਾਗਮ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰ, ਮੈਂਬਰ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਰਹੀ।



### ਕੰਬੋਜ ਫਾਊਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਡਾ. ਸੰਦੀਪ ਸਿੰਘ ਕੌੜਾ ਖਿਲਾਫ ਲਗਾਏ ਦੋਸ਼ਾਂ ਦਾ ਖੰਡਨ

# ਕੰਬੋਜ ਭਾਈਚਾਰੇ ਵੱਲੋਂ ਊਧਮ ਸਿੰਘ ਸ਼ਹੀਦ ਦੇ ਨਾ ਤੇ ਬਣਾਈ ਜਾ ਰਹੀ ਯੂਨੀਵਰਸਿਟੀ ਕੁਝ ਤਾਕਤਾਂ ਤੋਂ ਸਹਿਣ ਨਹੀਂ ਹੋ ਰਹੀ : ਮੰਗਲ ਸਿੰਘ ਕਿਸ਼ਨਪੁਰੀ




ਜੰਡਿਆਲਾ ਗੁਰੂ 4 ਜੂਨ ( ਕੁਲਵੰਤ ਸਿੰਘ ਵਿਰਦੀ ) : ਕੰਬੋਜ ਫਾਊਂਡੇਸ਼ਨ ਨੇ ਆਪਣੇ ਸਰਪ੍ਰਸਤ ਡਾ. ਸੰਦੀਪ ਸਿੰਘ ਕੌੜਾ, ਜੋ ਕਿ ਐੱਸ.ਯੂ.ਐੱਸ. ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਅਤੇ ਪੰਜਾਬ ਦੀ ਆਉਣ ਵਾਲੀ ਊਧਮ ਸਿੰਘ ਸ਼ਹੀਦ ਸਕਿੱਲ ਡਿਵੈਲਪਮੈਂਟ ਐਂਡ ਐਂਟਰਪ੍ਰੈਨਿਓਰਸ਼ਿਪ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ (ਨਾਮਜ਼ਦ) ਵੀ ਹਨ, ਦੇ ਖਿਲਾਫ ਝੂਠੇ ਦੋਸ਼ਾਂ ਦੀ ਇੱਕ ???ਭਾਵਨਾਪੂਰਨ, ਅਪਮਾਨਜਨਕ ਅਤੇ ਯੋਜਨਾਬੱਧ ਮੁਹਿੰਮ ਨੂੰ ਸਪੱਸ਼ਟ ਰੂਪ ਵਿੱਚ ਖਾਰਜ ਅਤੇ ਨਿੰਦਾ ਕਰਦਿਆਂ ਇੱਕ ਸਖ਼ਤ ਬਿਆਨ ਜਾਰੀ ਕੀਤਾ ਹੈ।ਫਾਊਂਡੇਸ਼ਨ ਨੇ ਕਿਹਾ ਕਿ ਜਿਹੜੇ ਦੋਸ਼ ਫੈਲਾਏ ਜਾ ਰਹੇ ਹਨ, ਉਹ ਪੂਰੀ ਤਰ੍ਹਾਂ ਬੇਬੁਨਿਆਦ, ਗੁੰਮਰਾਹਕੁੰਨ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹਨ, ਜਿਨ੍ਹਾਂ ਦਾ ਮਕਸਦ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨਾ ਹੈ, ਜਿਨ੍ਹਾਂ ਨੇ ਉੱਚ ਸਿੱਖਿਆ, ਹੁਨਰ ਵਿਕਾਸ (ਸਕਿੱਲ ਡਿਵੈਲਪਮੈਂਟ), ਉੱਦਮਤਾ ਪ੍ਰੋਤਸਾਹਨ (ਐਂਟਰਪ੍ਰੈਨਿਓਰਸ਼ਿਪ ਪ੍ਰਮੋਸ਼ਨ) ਅਤੇ ਜਨਤਕ ਸੇਵਾ ਵਿੱਚ ਇੱਕ ਵਿਲੱਖਣ ਰਿਕਾਰਡ ਬਣਾਇਆ ਹੈ।ਫਾਊਂਡੇਸ਼ਨ ਦੇ ਅਨੁਸਾਰ, ਇਹ ਦੋਸ਼ ਨਿਰਮਲ ਸਿੰਘ ਰਾਇਤ ਦੁਆਰਾ ਪ੍ਰਚਾਰੇ ਗਏ ਹਨ, ਜੋ ਵਰਤਮਾਨ ਵਿੱਚ ਲਾਮਜ਼ੀਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਚਾਂਸਲਰ ਹੋਣ ਦਾ ਦਾਅਵਾ ਕਰ ਰਿਹਾ ਹੈ। ਫਾਊਂਡੇਸ਼ਨ ਨੇ ਨੋਟ ਕੀਤਾ ਕਿ ਰਾਇਤ ਖੁਦ ਕਥਿਤ ਤੌਰ 'ਤੇ ਕਈ ਕਾਨੂੰਨੀ ਅਤੇ ਵਿੱਤੀ ਕਾਰਵਾਈਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ, ਜਨਤਕ ਤੌਰ 'ਤੇ ਉਪਲਬਧ ਅਦਾਲਤੀ ਰਿਕਾਰਡਾਂ ਅਨੁਸਾਰ, ਰਾਇਤ ਨੂੰ ਰੂਪਨਗਰ ਦੀਆਂ ਅਦਾਲਤਾਂ ਦੁਆਰਾ ਕਥਿਤ ਤੌਰ 'ਤੇ ਇਸ਼ਤਿਹਾਰੀ ਮੁਲਜ਼ਮ (ਪ੍ਰੋਕਲੇਮਡ ਔਫੈਂਡਰ)/ਪਬਲਿਕ ਔਫੈਂਡਰ ਘੋਸ਼ਿਤ ਕੀਤਾ ਗਿਆ ਹੈ ਅਤੇ ਉਸਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਫਾਊਂਡੇਸ਼ਨ ਨੇ ਇਹ ਵੀ ਨੋਟ ਕੀਤਾ ਕਿ ਉਸਦੇ ਆਚਰਣ (ਵਿਹਾਰ) ਬਾਰੇ ਵਿਜੀਲੈਂਸ ਅਤੇ ਹੋਰ ਪੁੱਛਗਿੱਛਾਂ ਕਥਿਤ ਤੌਰ 'ਤੇ ਸਮਰੱਥ ਅਧਿਕਾਰੀਆਂ ਦੇ ਸਾਹਮਣੇ ਵਿਚਾਰ ਅਧੀਨ ਹਨ।ਫਾਊਂਡੇਸ਼ਨ ਨੇ ਅੱਗੇ ਕਿਹਾ ਕਿ ਇਹ ਜਨਤਕ ਰਿਕਾਰਡ ਦਾ ਮਾਮਲਾ ਹੈ ਕਿ ਵਿੱਤੀ ਸੰਸਥਾਵਾਂ ਦੇ ਕਥਿਤ ਡਿਫਾਲਟ (ਬਕਾਏ ਨਾ ਚੁਕਾਉਣ) ਦੇ ਸਬੰਧ ਵਿੱਚ, ਡੈੱਟ ਰਿਕਵਰੀ ਟ੍ਰਿਬਿਊਨਲ , ਚੰਡੀਗੜ੍ਹ ਦੇ ਸਾਹਮਣੇ ਕਥਿਤ ਤੌਰ 'ਤੇ ਮੋਟੀ ਵਿੱਤੀ ਦੇਣਦਾਰੀਆਂ ਵਾਲੀ ਵਸੂਲੀ ਦੀ ਕਾਰਵਾਈ (ਰਿਕਵਰੀ ਪ੍ਰੋਸੀਡਿੰਗਜ਼) ਸ਼ੁਰੂ ਕੀਤੀ ਗਈ ਹੈ।ਬਿਆਨ ਵਿੱਚ ਕਿਹਾ ਗਿਆ, "ਕੰਬੋਜ ਫਾਊਂਡੇਸ਼ਨ ਦਾ ਪੱਕਾ ਵਿਸ਼ਵਾਸ ਹੈ ਕਿ ਇਹ ਦੋਸ਼ ਪਾਰਦਰਸ਼ਤਾ ਜਾਂ ਜਵਾਬਦੇਹੀ ਦੀ ਕਿਸੇ ਅਸਲ ਚਿੰਤਾ ਤੋਂ ਪ੍ਰੇਰਿਤ ਨਹੀਂ ਹਨ। ਬਲਕਿ, ਇਹ ਡਾ. ਕੌੜਾ ਦੀ ਸਾਖ ਨੂੰ ਖਰਾਬ ਕਰਨ ਅਤੇ ਸਿੱਖਿਆ, ਹੁਨਰ ਵਿਕਾਸ, ਉੱਦਮਤਾ, ਅਤੇ ਰਾਸ਼ਟਰ-ਨਿਰਮਾਣ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਚੱਲ ਰਹੇ ਯੋਗਦਾਨ ਵਿੱਚ ਰੁਕਾਵਟ ਪਾਉਣ ਦਾ ਇੱਕ ਜਾਣਬੁੱਝ ਕੇ ਕੀਤਾ ਗਿਆ ਅਤੇ ਗਿਣਿਆ-ਮਿਥਿਆ ਯਤਨ ਹਨ।÷ਫਾਊਂਡੇਸ਼ਨ ਨੇ ਡਾ. ਕੌੜਾ ਦੀ ਇਮਾਨਦਾਰੀ, ਲੀਡਰਸ਼ਿਪ ਅਤੇ ਪੇਸ਼ੇਵਰ ਨੈਤਿਕਤਾ ਵਿੱਚ ਆਪਣੇ ਪੂਰਨ ਵਿਸ਼ਵਾਸ ਦੀ ਪੁਸ਼ਟੀ ਕੀਤੀ ਅਤੇ ਉਹਨਾਂ ਦੀ ਸਾਖ ਨੂੰ ਅਪਮਾਨਜਨਕ ਹਮਲਿਆਂ, ਗਲਤ ਜਾਣਕਾਰੀ ਅਤੇ ???ਭਾਵਨਾਪੂਰਨ ਪ੍ਰਚਾਰ ਤੋਂ ਬਚਾਉਣ ਲਈ ਲੋੜੀਂਦੇ ਸਾਰੇ ਕਾਨੂੰਨੀ ਉਪਾਵਾਂ ਦਾ ਸਮਰਥਨ ਕਰਨ ਦਾ ਸੰਕਲਪ ਲਿਆ।

ਬਿਆਨ ਵਿੱਚ ਅੱਗੇ ਕਿਹਾ ਗਿਆ, "ਇਹ ਬਹੁਤ ਹੀ ਵਿਅੰਗਮਈ (ਹਾਸੋਹੀਣੀ) ਗੱਲ ਹੈ ਕਿ ਇੱਕ ਵਿਅਕਤੀ ਜੋ ਖੁਦ ਕਥਿਤ ਤੌਰ 'ਤੇ ਗੰਭੀਰ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਇਸ਼ਤਿਹਾਰੀ ਮੁਲਜ਼ਮ ਦੇ ਦਰਜੇ ਅਤੇ ਵਿੱਤੀ ਵਸੂਲੀ ਦੀਆਂ ਕਾਰਵਾਈਆਂ ਨਾਲ ਸਬੰਧਤ ਮਾਮਲੇ ਸ਼ਾਮਲ ਹਨ, ਦੂਜਿਆਂ ਦੇ ਚਰਿੱਤਰ ਅਤੇ ਭਰੋਸੇਯੋਗਤਾ 'ਤੇ ਉਂਗਲ ਚੁੱਕਣ (ਲਾਂਛਨ ਲਗਾਉਣ) ਦੀ ਕੋਸ਼ਿਸ਼ ਕਰ ਰਿਹਾ ਹੈ।" ਫਾਊਂਡੇਸ਼ਨ ਨੇ ਮੀਡੀਆ ਸੰਗਠਨਾਂ, ਹਿੱਸੇਦਾਰਾਂ (ਸਟੇਕਹੋਲਡਰਾਂ) ਅਤੇ ਜਨਤਾ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਵਿਅਕਤੀਆਂ ਤੋਂ ਸ਼ੁਰੂ ਹੋਣ ਵਾਲੇ ਦੋਸ਼ਾਂ ਨੂੰ ਸਵੀਕਾਰ ਕਰਨ, ਪ੍ਰਕਾਸ਼ਿਤ ਕਰਨ ਜਾਂ ਪ੍ਰਚਾਰਨ ਤੋਂ ਪਹਿਲਾਂ ਸਾਵਧਾਨੀ ਵਰਤਣ ਅਤੇ ਸਰਕਾਰੀ ਰਿਕਾਰਡਾਂ ਰਾਹੀਂ ਤੱਥਾਂ ਦੀ ਪੁਸ਼ਟੀ ਕਰਨ, ਜੋ ਖੁਦ ਚੱਲ ਰਹੀਆਂ ਅਦਾਲਤੀ ਕਾਰਵਾਈਆਂ ਦੇ ਅਧੀਨ ਹੋ ਸਕਦੇ ਹਨ।ਕੰਬੋਜ ਫਾਊਂਡੇਸ਼ਨ ਨੇ ਸੱਚਾਈ, ਪਾਰਦਰਸ਼ਤਾ, ਜਵਾਬਦੇਹੀ ਅਤੇ ਕਾਨੂੰਨ ਦੇ ਸ਼ਾਸਨ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਇਸਨੇ ਵਿਸ਼ਵਾਸ ਪ੍ਰਗਟਾਇਆ ਕਿ ਤੱਥ, ਸਬੂਤ ਅਤੇ ਉਚਿਤ ਕਾਨੂੰਨੀ ਪ੍ਰਕਿਰਿਆ ਅੰਤ ਵਿੱਚ ਗਲਤ ਜਾਣਕਾਰੀ ਅਤੇ ਅਪਮਾਨਜਨਕ ਮੁਹਿੰਮਾਂ ਉੱਤੇ ਜਿੱਤ ਪ੍ਰਾਪਤ ਕਰੇਗੀ।ਇਸ ਸਮੇਂ ਦੱਸਿਆ ਗਿਆ ਕਿ ਸ਼ਹੀਦ ਊਧਮ ਸਿੰਘ ਦੀ ਯਾਦ ਨੂੰ ਸਮਰਪਿਤ ਸ਼ਹੀਦ ਸਿੰਘ ਸਕਿਲ ਡਿਵੈਲਪਮੈਂਟ ਅਤੇ ਇੰਟਰਪਰਨਿਊਰਸ਼ਿਪ ਯੂਨੀਵਰਸਿਟੀ ਜਿਲ੍ਹਾ ਕਪੂਰਥਲਾ ਵਿੱਚ ਸ਼ੁਰੂ ਹੋਣ ਜਾ ਰਹੀ ਹੈ ।ਇਸ ਵੱਡੇ ਕਾਰਜ ਨੂੰ ਰੋਕਣ ਲਈ ਵੱਡੀ ਸਾਜਿਸ਼ ਰਚੀ ਗਈ ਜਿਸ ਤਹਿਤ ਜਿਹੜਾ ਕੇਸ ਫਾਈਲ ਹੋ ਚੁੱਕਿਆ ਸੀ ਉਸ ਨੂੰ ਝੂਠਾ ਅਧਾਰ ਬਣਾਕੇ ਕੰਬੋਜ ਭਾਈਚਾਰਾ ਵੱਲੋਂ ਬਣਾਈ ਜਾ ਰਹੀ ਯੂਨੀਵਰਸਿਟੀ ਦੇ ਫਾਊਂਡਰ ਚਾਂਸਲਰ ਡਾਕਟਰ ਸੰਦੀਪ ਸਿੰਘ ਕੌੜਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ।ਇਸ ਸਮੇਂ ਪ੍ਰੋ. ਸੂਬਾ ਸਿੰਘ ਪ੍ਰਧਾਨ , ਮੰਗਲ ਸਿੰਘ ਕਿਸ਼ਨਪੁਰੀ ਚੇਅਰਮੈਨ ਕੰਬੋਜ ਫਾਊਂਡੇਸ਼ਨ , ਮਾਨ ਸਿੰਘ ਧੰਮ , ਮੀਡੀਆ ਮੁਖੀ ਜਗਦੀਸ਼ ਥਿੰਦ , ਬਲਜਿੰਦਰ ਸਿੰਘ ਧੰਜੂ , ਹਰਦਿਆਲ ਸਿੰਘ ਸੁਨਾਮ , ਕ੍ਰਿਪਾਲ ਸਿੰਘ ਰਾਮਦੀਵਾਲੀ , ਗੁਰਇਕਬਾਲ ਸਿੰਘ , ਬਲਵਿੰਦਰ ਸਿੰਘ , ਸੁਵਿੰਦਰ ਸਿੰਘ ਚੰਦੀ , ਚਾਚਾ ਅਮਰ ਸਿੰਘ , ਰਜਿੰਦਰ ਸਿੰਘ ਮੱਖਣ ਫਿਸ਼ , ਮਨਦੀਪ ਸਿੰਘ ਜੰਮੂ ਮੈਂਬਰ ਗਵਰਨਿੰਗ ਕੌਂਸਿਲ , ਮਾਸਟਰ ਮਨਜੀਤ ਸਿੰਘ , ਜੱਗਾ ਚੌਹਾਨ , ਦਵਿੰਦਰ ਸਿੰਘ ਸਰਪੰਚ ਨਵਾਂ ਕੋਟ , ਅਮੋਲਕ ਸਿੰਘ ਜੰਮੂ , ਇੰਜ ਕੁਲਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪਤਵੰਤੇ ਮੌਜੂਦ ਸਨ ।

# ਜੂਨ 1984 ਦੇ ਘਲੂਘਾਰੇ ਨੂੰ ਯਾਦ ਕਰਦਿਆਂ: ਸ਼ਹੀਦਾਂ ਦੇ ਜਜ਼ਬੇ ਨੂੰ ਸਲਾਮ, ਜ਼ੁਲਮ ਕਰਨ ਵਾਲਿਆਂ ਉੱਤੇ ਇਤਿਹਾਸ ਦੀ ਲਾਹਨਤ: ਭਾਈ ਅਮਨਦੀਪ ਸਿੰਘ

**ਨਵੀਂ ਦਿੱਲੀ, 4 ਜੂਨ (ਮਨਪ੍ਰੀਤ ਸਿੰਘ ਖਾਲਸਾ):**- "ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥" ਗੁਰਬਾਣੀ ਦੀ ਇਹ ਤੁਕ ਮਨੁੱਖ ਨੂੰ ਚੇਤਾਵਨੀ ਦਿੰਦੀ ਹੈ ਕਿ ਪਾਪ ਅਤੇ ਜ਼ੁਲਮ ਦੇ ਰਾਹ ਉੱਤੇ ਤੁਰਨ ਵਾਲੇ ਦਾ ਅੰਤ ਇਕੱਲਾਪਣ ਅਤੇ ਨਿੰਦਿਆ ਵਿੱਚ ਹੁੰਦਾ ਹੈ। ਜੂਨ 1984 ਦੇ ਘਲੂਘਾਰੇ ਦੀ ਯਾਦ ਵਿੱਚ ਸਿੱਖ ਸੰਗਤਾਂ ਅੱਜ ਵੀ ਇਸ ਸੰਦੇਸ਼ ਨੂੰ ਯਾਦ ਕਰਦੀਆਂ ਹਨ ਅਤੇ ਉਸ ਸਮੇਂ ਦੇ ਰਾਜਸੀ ਫ਼ੈਸਲਿਆਂ ਨੂੰ ਇਤਿਹਾਸ ਦੀ ਕਾਲੀ ਕਿਤਾਬ ਦਾ ਹਿੱਸਾ ਮੰਨਦੀਆਂ ਹਨ। ਸੱਚਖੰਡ ਸ਼੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਨੇ ਉਪਰਲੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ਉੱਤੇ ਕੀਤੀ ਗਈ ਫ਼ੌਜੀ ਕਾਰਵਾਈ ਨੇ ਹਜ਼ਾਰਾਂ ਪਰਿਵਾਰਾਂ ਦੇ ਦਿਲਾਂ ਉੱਤੇ ਅਮਿੱਟ ਜ਼ਖ਼ਮ ਛੱਡੇ। ਸਿੱਖ ਕੌਮ ਇਸ ਘਟਨਾ ਨੂੰ ਘਲੂਘਾਰਾ ਮੰਨਦੀ ਹੈ ਅਤੇ ਇਸ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ, ਬਜ਼ੁਰਗਾਂ ਅਤੇ ਨਿਰਦੋਸ਼ ਸ਼ਰਧਾਲੂਆਂ ਦੀ ਯਾਦ ਨੂੰ ਨਮਨ ਕਰਦੀ ਹੈ। ਓਨ੍ਹਾ ਦਸਿਆ ਸਿੱਖ ਇਤਿਹਾਸ ਵਿੱਚ ਸ਼ਹਾਦਤ ਨੂੰ ਰੂਹ ਵਜੋਂ ਦੇਖਿਆ ਜਾਂਦਾ ਹੈ। ਜੂਨ 1984 ਦੇ ਦਿਨਾਂ ਵਿੱਚ ਜਿਨ੍ਹਾਂ ਸਿੰਘਾਂ ਅਤੇ ਸਿੰਘਣੀਆਂ ਨੇ ਆਪਣੇ ਵਿਸ਼ਵਾਸ, ਅਸੂਲਾਂ ਅਤੇ ਧਾਰਮਿਕ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਦੀ ਦਲੇਰੀ ਨੂੰ ਅੱਜ ਵੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਓਨ੍ਹਾ ਕਿਹਾ ਕਿਸੇ ਵੀ ਸਰਕਾਰ ਨੂੰ ਆਪਣੇ ਹੀ ਨਾਗਰਿਕਾਂ ਦੇ ਧਾਰਮਿਕ ਕੇਂਦਰਾਂ ਉੱਤੇ ਹਥਿਆਰਾਂ ਨਾਲ ਚੜ੍ਹਾਈ ਕਰਨ ਦਾ ਨੈਤਿਕ ਅਧਿਕਾਰ ਨਹੀਂ ਹੋ ਸਕਦਾ। ਇਸ ਕਰਕੇ ਜੂਨ 1984 ਦੀ ਕਾਰਵਾਈ ਲਈ ਜ਼ਿੰਮੇਵਾਰ ਹਕੂਮਤੀ ਸੋਚ ਅਤੇ ਫ਼ੈਸਲਿਆਂ ਉੱਤੇ ਅੱਜ ਵੀ ਤਿੱਖੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਕਈ ਲੋਕ ਇਸ ਨੂੰ ਸੱਤਾ ਦੇ ਅਹੰਕਾਰ ਅਤੇ ਜ਼ਬਰ ਦੀ ਨਿਸ਼ਾਨੀ ਮੰਨਦੇ ਹੋਏ ਉਸ ਸਮੇਂ ਦੀ ਸਰਕਾਰ ਨੂੰ ਇਤਿਹਾਸਕ ਤੌਰ 'ਤੇ ਲਾਹਨਤਾਂ ਪਾਉਂਦੇ ਹਨ। ਓਨ੍ਹਾ ਕਿਹਾ ਸੱਤਾ, ਤਾਕਤ ਅਤੇ ਹਥਿਆਰ ਸਦੀਵੀ ਨਹੀਂ ਹੁੰਦੇ, ਪਰ ਸੱਚ ਅਤੇ ਨਿਆਂ ਦੀ ਆਵਾਜ਼ ਇਤਿਹਾਸ ਵਿੱਚ ਜੀਵੰਤ ਰਹਿੰਦੀ ਹੈ। ਜੂਨ 1984 ਦੇ ਸ਼ਹੀਦਾਂ ਦੀ ਯਾਦ ਵੀ ਇਸੇ ਕਾਰਨ ਅੱਜ ਤੱਕ ਲੋਕਾਂ ਦੇ ਦਿਲਾਂ ਵਿੱਚ ਵੱਸਦੀ ਹੈ। ਅੰਤ ਵਿਚ ਭਾਈ ਅਮਨਦੀਪ ਸਿੰਘ ਨੇ ਕਿਹਾ ਜੂਨ ਦੇ ਇਨ੍ਹਾਂ ਦਿਨਾਂ ਵਿੱਚ ਸਿੱਖ ਸੰਗਤਾਂ ਸ਼ਹੀਦ ਸਿੰਘਾਂ ਅਤੇ ਸਿੰਘਣੀਆਂ ਦੇ ਅਦੁੱਤੀ ਜਜ਼ਬੇ ਨੂੰ ਸਲਾਮ ਕਰਦੀਆਂ ਹਨ ਅਤੇ ਅਰਦਾਸ ਕਰਦੀਆਂ ਹਨ ਕਿ ਮਨੁੱਖਤਾ ਕਦੇ ਵੀ ਅਜਿਹੇ ਦੁਖਾਂਤਾਂ ਦਾ ਸਾਹਮਣਾ ਨਾ ਕਰੇ। ਨਾਲ ਹੀ ਇਹ ਸੰਦੇਸ਼ ਵੀ ਦੁਹਰਾਇਆ ਜਾਂਦਾ ਹੈ ਕਿ ਜ਼ੁਲਮ ਭਾਵੇਂ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ, ਇਤਿਹਾਸ ਆਖ਼ਿਰਕਾਰ ਨਿਆਂ ਅਤੇ ਸੱਚ ਦੀ ਗਵਾਹੀ ਹੀ ਦਿੰਦਾ ਹੈ।



# ਏ ਐਸ ਆਈ ਗੁਰਸੇਵਕ ਸਿੰਘ ਦਾ ਜੱਦੀ ਪਿੰਡ ਜੋਧਾਨਗਰੀ ਵਿਖੇ ਸਰਕਾਰੀ ਸਨਮਾਨਾਂ ਨਾਲ ਸਲਾਮੀ ਦੇ ਕਿ ਕੀਤਾ ਅੰਤਿਮ ਸੰਸਕਾਰ



**ਜੰਡਿਆਲਾ ਗੁਰੂ, 4 ਜੂਨ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਪੰਜਾਬ ਪੁਲਿਸ ਦੇ ਏ .ਐਸ .ਆਈ ਗੁਰਸੇਵਕ ਸਿੰਘ ਉਮਰ 54 ਸਾਲ ਵਾਸੀ ਪਿੰਡ ਜੋਧਾਨਗਰੀ ਆਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਹੋਇਆ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ !ਸ੍ਰ ਗੁਰਸੇਵਕ ਸਿੰਘ ਲੁਧਿਆਣਾ ਵਿਖੇ ਏ ਐਸ ਆਈ ਦੀ ਪੋਸਟ ਤੇ ਡਿਊਟੀ ਕਰ ਰਹੇ ਸਨ ।ਬੀਤੇ ਕੁਝ ਸਮੇਂ ਤੋਂ ਬੀਮਾਰੀ ਕਾਰਨ ਜੇਰੇ ਇਲਾਜ ਦੌਰਾਨ ਅਕਾਲ ਚਲਾਣਾ ਕਰ ਗਏ ਸਨ। ਪਰਿਵਾਰ ਅਤੇ ਸਨੇਹੀਆਂ ਨੂੰ ਗਹਿਰਾ ਸਦਮਾ ਲੱਗਾ । ਉੱਨਾਂ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਹੋਣ ਤੇ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨ ਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ ।ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਵੱਲੋ ਹਥਿਆਰ ਉਲਟੇ ਕਰਕੇ ਸਲਾਮੀ ਦਿਤੀ ਗਈ ਉਹ ਪਿੱਛੇ ਪਰਿਵਾਰ ਵਿੱਚ ਵਿਧਵਾ ਪਤਨੀ ਇੱਕ ਕੁਆਰਾ ਲੜਕਾ ਇੱਕ ਵਿਆਹੀ ਲੜਕੀ ਛੱਡ ਗਏ ।ਪਰਿਵਾਰ ਨੇ ਸਰਕਾਰ ਕੋਲੋ ਸਹਾਇਤਾ ਦੀ ਮੰਗ ਕੀਤੀ।

# ਹੇਮਰ ਜੈਨ ਬੰਟੀ ਐਸਏ ਜੈਨ ਹਾਈ ਸਕੂਲ ਦੇ ਮੈਨੇਜਰ ਬਣੇ



**ਜੰਡਿਆਲਾ ਗੁਰੂ 4 ਜੂਨ ( ਕੁਲਵੰਤ ਸਿੰਘ ਵਿਰਦੀ )**-ਸ਼੍ਰੀ ਵਿਜੇ ਇੰਦਰਾਦੀਨ ਸੰਕ੍ਰਾਂਤੀ ਮੰਡਲ ਆਲ ਇੰਡੀਆ ਦੇ ਪ੍ਰਧਾਨ ਗੁਲਸ਼ਨ ਜੈਨ ਕਿਤਾਬ ਵਾਲੇ ਨੇ ਦੱਸਿਆ ਕਿ ਅੱਜ ਜੰਡਿਆਲਾ ਗੁਰੂ ਜੈਨ ਸਮਾਜ ਦੀ ਇੱਕ ਮੀਟਿੰਗ ਸ਼੍ਰੀ ਰਾਕੇਸ਼ ਜੈਨ ਸਾਬੂਨ ਵਾਲੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਮਰ ਜੈਨ (ਬੰਟੀ) ਨੂੰ ਸਰਬਸੰਮਤੀ ਨਾਲ ਐਸਏ ਜੈਨ ਹਾਈ ਸਕੂਲ ਦਾ ਮੈਨੇਜਰ ਬਣਾਇਆ ਗਿਆ। ਸੁਨੀਲ ਜੈਨ ਪੱਪੂ ਨੂੰ ਚੇਅਰਮੈਨ ਅਤੇ ਸੁਭਾਸ਼ ਜੈਨ ਨੂੰ ਉਪ ਮੈਨੇਜਰ ਨਿਯੁਕਤ ਕੀਤਾ ਗਿਆ। ਵਰੁਣ ਜੈਨ ਨੂੰ ਸਕੱਤਰ, ਪ੍ਰਿੰਸ ਜੈਨ ਨੂੰ ਸੰਯੁਕਤ ਸਕੱਤਰ, ਸੰਜੀਵ ਜੈਨ ਨੂੰ ਖਜ਼ਾਨਚੀ ਅਤੇ ਚੰਦਨ ਜੈਨ ਨੂੰ ਸਹਿ-ਖਜ਼ਾਨਚੀ ਬਣਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





**ਸੇਵਾ ਕੇਂਦਰ ਮੁਲਾਜਮ ਯੂਨੀਅਨ ਤਰਨ ਤਾਰਨ ਵੱਲੋ ਦਿੱਤਾ ਜਾ ਰਿਹਾ ਧਰਨਾ**

# ਡੀ.ਸੀ.ਵੱਲੋਂ ਭਰੋਸਾ ਦਿਵਾਉਣ ਉਪਰੰਤ ਚੁੱਕਿਆ




**ਚੋਹਲਾ ਸਾਹਿਬ, 4 ਜੂਨ (ਆਵਾਜ਼ਿ ਕੌਮ ਬਿਊਰੋ)**-ਸੇਵਾ ਕੇਂਦਰ ਮੁਲਾਜਮ ਯੂਨੀਅਨ ਤਰਨ ਤਾਰਨ ਵੱਲੋਂ ਅੱਜ ਮਿੱਤੀ 04/6/2026 ਨੂੰ ਆਪਣੀ ਮੰਗਾਂ ਪ੍ਰਤੀ ਜੋ ਧਰਨਾ ਚੱਲ ਰਿਹਾ ਸੀ।ਅੱਜ ਡਿਪਟੀ ਕਮਿਸ਼ਨਰ ਤਰਨ ਤਾਰਨ ਅਤੇ ਸੇਵਾ ਕੇਂਦਰ ਮੈਨਜਮੈਂਟ ਤਰਨ ਤਾਰਨ ਵੱਲੋਂ ਭਰੋਸਾ ਦਿਵਾਇਆ ਗਿਆ ਕੇ ਉਹਨਾਂ ਦੀ ਜਾਇਜ ਮੰਗਾਂ ਵਿੱਚੋ ਤਨਖਾਹ ਸਮੇਂ ਨਾਲ , ਡੀ. ਸੀ. ਰੇਟ, ਬੀ. ਟੂ. ਸੀ. ਓਪਰੇਟਰਾਂ ਦੀ ਤਨਖਾਹ ਜੋ 11 ਮਹੀਨੇ ਤੋਂ ਰੁਕੀ ਹੈ ਅਤੇ ਜੋ ਸੇਵਾ ਸਹਾਇਕ ਨੂੰ ਮੁਸਕਲਾਂ ਅਓਂਦੀਆ ਹਨ। ਉਹਨਾਂ ਦਾ ਜਲਦੀ ਤੋਂ ਜਲਦੀ ਹੱਲ ਕਰਵਾਇਆ ਜਾਵੇਗਾ ।ਇਸ ਸਮੇਂ ਸੇਵਾ ਕੇਂਦਰ ਤਰਨ ਤਾਰਨ ਯੂਨੀਅਨ ਦੇ ਪ੍ਰਧਾਨ ਗੁਰਸੇਵਕ ਸਿੰਘ,ਸਰਪ੍ਰਸਤ ਕਰਨਬੀਰ ਸਿੰਘ,ਰੂਬਲਪ੍ਰੀਤ ਸਿੰਘ ਚੋਹਲਾ,ਵਰਿੰਦਰ ਕੁਮਾਰ,ਜਗਦੀਸ਼ ਸਿੰਘ,ਹਰਮਨਪ੍ਰੀਤ ਸਿੰਘ, ਜਗਮੋਹਨ ਸਿੰਘ,ਬੇਅੰਤ ਕੌਰ,ਕੰਵਲਪ੍ਰੀਤ ਸਿੰਘ, ਜਗਪ੍ਰੀਤ ਸਿੰਘ,ਰਣਜੀਤ ਸਿੰਘ,ਰਾਜਵਿੰਦਰ ਕੌਰ, ਜਸਪ੍ਰੀਤ ਕੌਰ ,ਰਮਨਦੀਪ ਕੌਰ ਕਿਰਨਪ੍ਰੀਤ ਕੌਰ, ਨੇਹਾ, ਅਮਨਦੀਪ ਸਿੰਘ ਆਦਿ ਸਾਰੇ ਸੇਵਾ ਕੇਂਦਰ ਕਰਮਚਾਰੀ ਹਾਜ਼ਰ ਸਨ।






**ਜਨਮ ਦਿਨ ਮੁਬਾਰਕ**

**ਭਾਰਗਵ ਬਾਵਾ**
ਪਿਤਾ : ਵਰਿੰਦਰ ਬਾਊ
ਮਾਤਾ : ਪ੍ਰੀਤ ਬਾਵਾ
ਮਹਿਤਾ ਚੌਂਕ
ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM
International Newspaper & WEB TV

### ਦਮਦਮੀ ਟਕਸਾਲ ਵਿਖੇ ਚੌਥੇ ਦਿਨ 42ਵੇਂ ਸ਼ਹੀਦੀ ਜੋੜ ਮੇਲੇ ਮੌਕੇ

# ਵਿਦੇਸ਼ਾਂ ਤੋਂ ਸੰਗਤਾਂ ਦੀ ਆਮਦ ਸ਼ੁਰੂ

## 6 ਜੂਨ ਨੂੰ ਮੁੱਖ ਸ਼ਹੀਦੀ ਸਮਾਗਮ ਦੌਰਾਨ ਸਿੱਖ ਸੰਗਤਾਂ ਦਾ ਹੋਵੇਗਾ ਲਮਿਸ਼ਾਲ ਇਕੱਠ : ਬਾਬਾ ਹਰਨਾਮ ਸਿੰਘ ਖਾਲਸਾ













**ਚੌਕ ਮਹਿਤਾ, 4 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਜੂਨ 1984 (ਤੀਸਰਾ ਘੱਲੂਘਾਰਾ) ਦੇ ਸਮੂਹ ਸ਼ਹੀਦਾਂ ਦੀ ਸਦੀਵੀ ਯਾਦ ਨੂੰ ਸਮਰਪਿਤ ਅੱਜ 42ਵਾਂ ਮਹਾਨ ਸ਼ਹੀਦੀ ਜੋੜ ਮੇਲਾ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਸੰਸਾਰ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੱਜ ਸ਼ਹੀਦੀ ਸਪਤਾਹ ਦੇ ਤੀਸਰੇ ਦਿਨ ਭਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਸ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਹਜਾਰਾਂ ਦੀ ਤਦਾਦ ਵਿਚ ਜੁੜੀਆਂ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮਹਾਨ ਅਤੇ ਤਪੱਸਵੀ ਜੀਵਨ ਦਾ ਪਾਵਨ ਇਤਿਹਾਸ ਸਰਵਣ ਕਰਵਾਇਆ। ਇਸ ਸਮੇਂ ਗਿਆਨੀ ਖਾਲਸਾ ਭਿੰਡਰਾਂਵਾਲਿਆਂ ਨੇ ਆਖਿਆ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਸਦਕਾ ਸਿੱਖ ਕੌਮ ਅੱਜ ਪੂਰੀ ਦੁਨੀਆਂ ਵਿਚ ਚੜਦੀ ਕਲਾ ਦੇ ਜੈਕਾਰੇ ਗਜਾ ਰਹੀ ਹੈ। ਉਨ੍ਹਾਂ ਕਿਹਾ ਕਿ 5 ਜੂਨ ਤੱਕ ਰੋਜਾਨਾ ਸ਼ਾਮ 4 ਤੋਂ 6 ਵਜੇ ਤੱਕ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲੇਗਾ। 6 ਜੂਨ ਨੂੰ 42ਵੇਂ ਮੁੱਖ ਅਤੇ ਮਹਾਨ ਸ਼ਹੀਦੀ ਸਮਾਗਮ ਵਿੱਚ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦਾ ਲਾਮਿਸਾਲ ਪੰਥਕ ਇਕੱਠ ਹੋਵੇਗਾ, ਜਿਸ ਦੌਰਾਨ ਪ੍ਰਮੁੱਖ ਧਾਰਮਿਕ ਹਸਤੀਆਂ ਤੇ ਸੰਗਤਾਂ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨਗੀਆਂ। ਗਿਆਨੀ ਖਾਲਸਾ ਨੇ ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ। ਅੰਤ 'ਚ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਿੰਘ ਸਾਹਿਬ ਗਿਆਨੀ ਪਲਵਿੰਦਰਪਾਲ ਸਿੰਘ ਬੁੱਟਰ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਬਾਬਾ ਬਲਵਿੰਦਰ ਸਿੰਘ ਦੁਮੇਲੀਆ ਵਾਲਾ ਦਾ ਵਿਸ਼ੇਸ਼ ਸਨਮਾਨ ਕੀਤਾ। 2ਇਸ ਮੌਕੇ ਭਾਈ ਅਜਾਇਬ ਸਿੰਘ ਅਭਿਆਸੀ, ਜਥੇਦਾਰ ਬਾਬਾ ਮਨਜੀਤ ਸਿੰਘ ਮੜੀਆ ਵਾਲੇ, ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ, ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ, ਸੰਤ ਬਾਬਾ ਗੁਰਦੇਵ ਸਿੰਘ ਜੀ ਡੇਰਾ ਭਗਤਾਂ ਦਾ ਤਰਸਿੱਕਾ, ਵੈਦ ਗੁਰਮੀਤ ਸਿੰਘ ਬੱਦੋਵਾਲ, ਬਾਬਾ ਨਵਤੇਜ ਸਿੰਘ ਚੇਲੇਆਣਾ ਸਾਹਿਬ, ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਬਾਬਾ ਸੁਖਵੰਤ ਸਿੰਘ ਚੰਨਣਕੇ, ਭਾਈ ਕੁਲਦੀਪ ਸਿੰਘ ਘੋੜੇਵਾਲ, ਬਾਬਾ ਬਲਵਿੰਦਰ ਸਿੰਘ ਕੈਲੀਆਂ ਵਾਲੇ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਰਜਿੰਦਰ ਸਿੰਘ ਸ਼ਾਹ, ਜੱਥੇ ਰਾਜਬੀਰ ਸਿੰਘ, ਜਤਿੰਦਰ ਸਿੰਘ ਲੱਧਾਮੁੰਡਾ, ਇਕਬਾਲ ਸਿੰਘ ਮਾਨ, ਗੁਰਮੀਤ ਸਿੰਘ ਮਾਨ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਬਲਕਾਰ ਸਿੰਘ ਪੀ. ਬੀ. ਐੱਸ, ਪ੍ਰਿੰ. ਗੁਰਦੀਪ ਸਿੰਘ ਜਲਾਲਉਸਮਾਂ, ਹਰਜਿੰਦਰ ਸਿੰਘ ਜੱਜ, ਰਾਜਾ ਚੋਧਰੀਵਾਲ, ਕਸ਼ਮੀਰ ਸਿੰਘ ਕਾਲਾ ਤੋਂ ਇਲਾਵਾ ਹਜਾਰਾਂ ਦੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243